੧ੴ ਵਾਹਿਗੁਰੂ ਜੀ ਕੀ ਫ਼ਤਹ॥

# ਮੂਲ ਮੰਤਰ ਦਾ ਪ੍ਰਮਾਣਿਕ ਸਰੂਪ


ਲੇਖਕ

ਡਾ. ਵਿਕਰਮ ਸਿੰਘ

ਲੈਕਚਰਾਰ, ਗੁਰਮਤਿ ਕਾਲਜ, ਪਟਿਆਲਾ।



ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ,

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

ਮੂਲਮੰਤਰ, ਜਪੁ, ਪਹਿਲਾ ਸਲੋਕ ਤੇ ਪਹਿਲੀ ਪਉੜੀ :
ਭਾਈ ਗੁਰਦਾਸ ਜੀ ਵਲੋਂ ਅਲਗ-ਅਲਗ ਕਰਕੇ ਲਿਖੇ ਹੋਏ।

੧ਓ
ਸਤਿਨਾਮੁਕਰਤਾਪੁਰਖੁਨਿਰ
ਭਉਨਿਰਵੈਰੁਅਕਾਲਮੂਰ
ਤਿਅਜੂਨੀਸੈਭੰਗੁਰਪ੍ਰਸਾ
ਦਿ ॥ਜਪੁ॥ ॥ ॥

ਆਦਿਸਚੁਜੁਗਾਦਿਸਚੁ। ਹੈਭੀਸਚੁਨਾਨਕਹੋਸੀਭੀਸਚੁ॥੧॥

ਸੋਚੈਸੋਚਿਨਹੋਵਈਜੇਸੋਚੀਲਖਵਾਰ॥ ਚੁਪੈਚੁਪਿਨਹੋਵਈਜੇਲਾ
ਇਰਹਾਲਿਵਤਾਰ॥ ਭੁਖਿਆਭੁਖਨਉਤਰੀਜੇਬੰਨਾਪੁਰੀਆਭਾਰ॥ ਸਹ
ਸਸਿਆਣਪਾਲਖਹੋਹਿਤਇਕਨਚਲੈਨਾਲਿ॥ ਕਿਵਸਚਿਆਰਾ
ਹੋਈਐਕਿਵਕੂੜੈਤੁਟੈਪਾਲਿ॥ ਹੁਕਮਿਰਜਾਈਚਲਣਾਨਾਨਕਲਿਖਿਆ
ਨਾਲਿ॥੧॥ ਹੁਕਮੀਹੋਵਨਿਆਕਾਰੁਹੁਕਮੁਨਕਹਿਆਜਾਈ॥ ਹੁਕਮੀਹੋਵ
ਨਿਜੀਅਹੁਕਮਿਮਿਲੈਵਡਿਆਈ॥ ਹੁਕਮੀਉਤਮੁਨੀਚੁਹੁਕਮਿਲਿ
ਖਿਦੁਖਸੁਖਪਾਈਅਹਿ॥ ਇਕਨਾਹੁਕਮੀਬਖਸੀਸਇਕਿਹੁਕਮੀਸਦਾਭਵਾ
ਈਅਹਿ॥ ਹੁਕਮੈਅੰਦਰਿਸਭੁਕੋਬਾਹਰਿਹੁਕਮਨਕੋਇ॥ ਨਾਨਕਹੁਕ
ਮੈਜੇਬੁਝੈਤਹਉਮੈਕਹੈਨਕੋਇ॥੨॥ ਗਾਵੈਕੋਤਾਣੁਹੋਵੈਕਿਸੈਤਾ
ਣੁ॥ ਗਾਵੈਕੋਦਾਤਿਜਾਣੈਨੀਸਾਣੁ॥ ਗਾਵੈਕੋਗੁਣਵਡਿਆਈਆਚਾਰ

ਕਰਤਾਰਪੁਰ ਵਿਚ ਸੁਰੱਖਿਅਤ ਸੰਮਤ ੧੬੬੧ (ਸੰਨ ੧੬੦੪ ਈ:) ਦੇ
ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੀ ਲਿਖਤ।

ਉਲੀਕ: ਡਾ. ਵਿਕਰਮ ਸਿੰਘ

# ਮੂਲ ਮੰਤਰ ਦਾ ਪ੍ਰਮਾਣਿਕ ਸਰੂਪ

## (ਕੀ ਮੰਗਲਾਚਰਨ-ਜਪੁ-ਸਲੋਕ ਮੂਲ ਮੰਤਰ ਹੈ ?)

### ੦ ਪ੍ਰਸਤਾਵਨਾ

ਸਿੱਖ ਜਗਤ ਵਿਚ ਬਹੁਤ ਸਮੇਂ ਤੋਂ ਮੂਲ ਮੰਤਰ ਦੇ ਪ੍ਰਮਾਣਿਕ ਸਰੂਪ ਸਬੰਧੀ ਮੱਤਭੇਦ ਚੱਲ ਰਿਹਾ ਹੈ। ਇਸ ਵਿਵਾਦ ਦਾ ਮੁੱਖ ਵਿਸ਼ਾ ਇਹ ਹੈ: ਮੂਲ ਮੰਤਰ ੧ੴ ਤੋਂ ਸ਼ੁਰੂ ਹੋ ਕੇ ਕਿਥੇ ਮੁਕਦਾ ਹੈ? ਸਿੱਖ ਪੰਥ ਬਹੁ-ਗਿਣਤੀ ਵਿਚ ਇਹ ਸਵੀਕਾਰ ਕਰਦਾ ਹੈ ਕਿ ਮੂਲ ਮੰਤਰ ੧ੴ ਤੋਂ ਸ਼ੁਰੂ ਹੋ ਕੇ ਗੁਰ ਪ੍ਰਸਾਦਿ ਤਕ ਹੈ ਅਤੇ ਉਸਦਾ ਸਰੂਪ ਇਹ ਹੈ:

*੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

ਕੁਝ ਗੁਰਸਿੱਖ ਇਹ ਵਿਸ਼ਵਾਸ ਪ੍ਰਗਟ ਕਰਦੇ ਹਨ ਕਿ ਮੂਲ ਮੰਤਰ ੧ੴ ਤੋਂ ਸ਼ੁਰੂ ਹੋ ਕੇ ਗੁਰ ਪ੍ਰਸਾਦਿ ਤੋਂ ਵੀ ਅੱਗੇ ਜਾ ਕੇ 'ਨਾਨਕ ਹੋਸੀ ਭੀ ਸਚੁ' 'ਤੇ ਸਮਾਪਤ ਹੁੰਦਾ ਹੈ ਅਤੇ ਉਸਦਾ ਸਰੂਪ ਇਹ ਹੈ:

*੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*
*॥ ਜਪੁ॥*
*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥*

ਇਸ ਲੇਖ ਦਾ ਮੁੱਖ ਵਿਸ਼ਾ ਇਹ ਜਾਣਨਾ ਲਈ ਹੈ ਕਿ ਇਹ ਸਰੂਪ ਕਦੋਂ ਸ਼ੁਰੂ ਹੋਏ ਅਤੇ ਇਹਨਾਂ ਦੋਹਾਂ ਵਿਚੋਂ ਕਿਹੜਾ ਪ੍ਰਮਾਣਿਕ ਸਰੂਪ ਹੈ ਜੋ ਸਿੱਖ ਇਤਿਹਾਸ ਤੇ ਰਵਾਇਤ ਅਨੁਸਾਰ ਮੂਲ ਮੰਤਰ ਹੈ।

## ੧. 'ਮੂਲ ਮੰਤਰ' ਦਾ ਅਰਥ:

'ਮੂਲ ਮੰਤਰ' ਇਕ ਸਮਾਸੀ ਸ਼ਬਦ ਹੈ ਜੋ ਦੋ ਸ਼ਬਦਾਂ 'ਮੂਲ' ਤੇ 'ਮੰਤਰ' ਦੇ ਸੁਮੇਲ ਨਾਲ ਬਣਿਆ ਹੋਇਆ ਹੈ। ਸ਼ਬਦ 'ਮੰਤਰ' ਨੂੰ ਅਲੱਗ-ਅਲੱਗ ਪ੍ਰਸੰਗਾਂ ਵਿਚ ਵਰਤ ਕੇ ਇਸ ਦੇ ਕਈ ਅਰਥ ਕੀਤੇ ਮਿਲਦੇ ਹਨ। ਵਿਉਤਪਤੀ ਦੀ ਦ੍ਰਿਸ਼ਟੀ ਤੋਂ ਇਸ ਸ਼ਬਦ ਦਾ ਅਰਥ ਇਹ ਬਣਦਾ ਹੈ: ਜੋ ਮਨਨ ਕਰੀਏ ਉਹ ਮੰਤਰ ਹੈ। ਮੰਤਰ ਅਸਲੀਅਤ ਵਿਚ ਹਮੇਸ਼ਾ ਵਿਚਾਰ ਜਾਂ ਸ਼ਬਦ ਸਰੂਪ ਹੀ ਹੁੰਦਾ ਹੈ। ਜਿਸ ਮਨੋਰਥ ਲਈ ਜਾਂ ਜਿਸ ਇਸ਼ਟ ਸਬੰਧੀ ਕੋਈ ਮੰਤਰ ਹੋਵੇ, ਉਸਦਾ ਚਿਤਰਨ ਜਾਂ ਲੱਛਣ ਉਸ ਮੰਤਰ ਵਿਚ ਸਾਰ ਰੂਪ ਵਿਚ ਅੰਕਿਤ ਕੀਤਾ ਹੁੰਦਾ ਹੈ। ਆਮ ਕਰਕੇ ਮੰਤਰ ਦਾ ਮਨਨ ਜਾਂ ਜਾਪ, ਇਸ ਵਿਚ ਸੁਰਤਿ ਜੋੜ ਕੇ, ਕੀਤਾ ਜਾਂਦਾ ਹੈ। ਮੂਲ ਮੰਤਰ ਵਿਚ, 'ਮੰਤਰ' ਦੇ ਨਾਲ ਸ਼ਬਦ 'ਮੂਲ' ਅਗੇਤਰ ਲੱਗਾ ਹੋਇਆ ਹੈ। ਇਹ 'ਮੰਤਰ' ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ। 'ਮੂਲ' ਦਾ ਅਰਥ ਆਮ ਕਰਕੇ ਜੜ੍ਹ, ਮੁੱਢ, ਅਸਲੀਅਤ ਆਦਿ ਕੀਤਾ ਜਾਂਦਾ ਹੈ। 'ਮੰਤਰ' ਨਾਲ ਅਗੇਤਰ 'ਮੂਲ' ਲੱਗ ਜਾਣ ਨਾਲ ਇਹ ਮੂਲ ਮੰਤਰ ਬਣਕੇ ਸਾਰੇ ਮੰਤਰਾਂ ਅਤੇ ਸਭ ਕੁਝ ਦਾ ਮੁੱਢ ਜਾਂ ਮੂਲ ਬਣ ਜਾਂਦਾ ਹੈ। ਇਸ ਤੋਂ ਇਕ ਅਜੇਹੇ ਮੰਤਰ ਵੱਲ ਸੰਕੇਤ ਹੁੰਦਾ ਹੈ, ਜਿਸਦਾ ਸੰਬੰਧ ਸਭ ਦੇ 'ਮੁੱਢ' ਜਾਂ ਮੂਲ ਨਾਲ ਹੋਵੇ। ਸ਼ਬਦ 'ਮੂਲ' ਦਾ ਇਕ ਹੋਰ ਪੱਖ ਵੀ ਉੱਘੜਦਾ ਹੈ। ਗੁਰਬਾਣੀ ਵਿਚ 'ਮੂਲ' ਤੇ 'ਡਾਲੀ' ਨੂੰ ਵਖਰਾ ਕੇ ਟਾਕਰਾ ਕੀਤਾ ਗਿਆ ਹੈ:

- ਇਕਿ ਮੂਲਿ ਲਗੇ ਓਨੀ ਸੁਖੁ ਪਾਇਆ॥
  ਡਾਲੀ ਲਾਗੇ ਤਿਨੀ ਜਨਮੁ ਗਵਾਇਆ॥ (ਮਾਰੂ ਮ: ੩, ਪੰਨਾ-੧੦੫੧)
- ਮੂਲਿ ਲਾਗੇ ਸੇ ਜਨ ਪਰਵਾਣੁ॥...
  ਡਾਲੀ ਲਾਗੈ ਨਿਹਫਲੁ ਜਾਇ॥ (ਆਸਾ ਮ: ੧, ਪੰਨਾ-੩੬੨)
- ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥
  (ਆਸਾ ਮ: ੩, ਪੰਨਾ-੪੨੦)

ਇਥੇ 'ਡਾਲੀ' ਤੋਂ ਭਾਵ ਜਗਤ, ਜਗਤ ਦੇ ਪਦਾਰਥ, ਦੇਵੀ ਦੇਵਤੇ ਤੇ ਜੀਵ ਜੰਤੂ ਹਨ। 'ਮੂਲ' ਸਭ ਦੇ ਮੁੱਢ ਕਰਤਾਰ ਨੂੰ ਕਿਹਾ ਗਿਆ ਹੈ। ਸੋ ਮੂਲ ਮੰਤਰ ਤੋਂ ਭਾਵ ਮੁਢਲਾ ਮੰਤਰ ਹੈ ਜਿਸਦਾ ਸਿੱਧਾ ਸੰਬੰਧ ਕਰਤਾਰ ਨਾਲ ਹੈ ਜੋ, ਗੁਰਮਤਿ ਅਨੁਸਾਰ, ਸਭ ਦਾ ਮੁੱਢ ਜਾਂ ਮੂਲ ਹੈ। ਇਹ ਇਕ ਅਜੇਹਾ ਪਰਮ ਵਿਚਾਰ-ਰੂਪ ਹੈ ਜੋ ਸੁਰਤੀ ਨੂੰ ਸਾਰੇ ਬ੍ਰਹਮੰਡ ਦੇ ਮੂਲ ਬ੍ਰਹਮ ਨਾਲ ਜੋੜਦਾ ਤੇ ਸੱਚ ਦਾ ਗਿਆਨ ਪ੍ਰਾਪਤ ਕਰਵਾਉਂਦਾ ਹੈ। ਇਹ ਗੁਰਸ਼ਬਦ ਮਨੁੱਖ ਦੀ ਸੰਸਾਰਿਕ ਮਨੋਬ੍ਰਿਤੀ ਨੂੰ ਪਰਮ-ਸਤ ਮੁਖੀ ਬਣਾ ਦਿੰਦਾ ਹੈ। ਇਹੋ ਹੀ ਗੁਰਮਤਿ ਦਾ ਬੀਜ ਤੇ ਮੂਲ ਹੈ। ਇਸੇ ਵਿਚੋਂ ਹੀ ਗੁਰਮਤਿ ਦੀ ਸਾਰੀ ਵਿਚਾਰਧਾਰਾ ਪ੍ਰਫੁਲਤ ਹੋਈ ਹੈ।

## ੧.੨ ਮੂਲ ਮੰਤਰ ਦੀ ਪਛਾਣ ਤੇ ਨਾਂ:

ਗੁਰੂ ਨਾਨਕ ਦੇਵ ਜੀ ਨੇ ਆਪ ਜਿਸਨੂੰ ਮੂਲ ਮੰਤਰ ਕਿਹਾ ਹੈ ਉਹੀ ਹਰੀ ਦਾ ਨਾਮ ਹੈ ਜੋ ਸਾਰੇ ਰਸਾਂ ਦਾ ਘਰ ਹੈ। ਇਹ ਨਾਮ ਮਨੁੱਖ ਨੂੰ ਪੂਰਨ ਕਰਤਾਰ ਨਾਲ ਮਿਲਾ ਕੇ ਉਸਦਾ ਤਨ ਮਨ ਹਰਿਆ ਕਰਦਾ ਹੈ। ਗੁਰਮਤਿ ਦਾ ਮਾਰਗ ਨਾਮ ਮਾਰਗ ਹੈ। ਪੂਰਨ ਪਰਮਾਤਮਾ ਦਾ ਪੂਰਨ ਨਾਮ ਹੀ ਇਕੋ ਇਕ ਮੰਤਰ ਹੈ:

ਮੂਲ ਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥

(ਮਾਰੂ ਮ: ੧ ਪੰਨਾ-੧੦੪੦)

ਹਰੀ ਦਾ ਨਾਮ ਕੋਈ ਇਕ ਵਿਸ਼ੇਸ਼ ਨਹੀਂ ਹੈ। ਗੁਰਮਤਿ ਵਿਚ ਉਸਦਾ ਨਾਮ ਦੱਸਣ ਲਈ ਅਨੇਕਾਂ ਸ਼ਬਦ ਹਨ। ਕੀ ਉਹਨਾਂ ਸਾਰੇ ਸ਼ਬਦਾਂ ਨੂੰ ਜਾਂ ਉਹਨਾਂ ਵਿਚੋਂ ਕੁਝ ਇਕ ਸ਼ਬਦਾਂ ਨੂੰ ਮੂਲ ਮੰਤਰ ਦਾ ਨਾਂ ਦਿੱਤਾ ਜਾ ਸਕਦਾ ਹੈ? ਗੁਰਮਤਿ ਦਾ ਮੂਲ ਮੰਤਰ ਕਿਹੜਾ ਹੈ? ਇਸ ਪ੍ਰਸ਼ਨ ਦਾ ਉੱਤਰ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਸੰਕੇਤਿਤ ਹੁੰਦਾ ਹੈ। ਉਹਨਾਂ ਨੇ ਕੁਝ ਸ਼ਬਦ 'ਸਤਿ ਨਾਮੁ ਕਰਤਾ ਪੁਰਖ.....' ਦੇ ਕੇ ਮੂਲ ਮੰਤਰ ਵੱਲ ਨਿਸ਼ਚਿਤ ਇਸ਼ਾਰਾ ਕਰ ਦਿੱਤਾ ਅਤੇ ਦੱਸਿਆ ਹੈ ਕਿ ਇਸਦੇ ਸਿਮਰਨ ਨਾਲ ਮਨੁੱਖ ਪ੍ਰਵਾਣ ਹੋ ਜਾਂਦਾ ਹੈ:

ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।
ਸਤਿ ਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣੁ ਪਰਵਾਣੈ।

(ਵਾਰ ੬, ਪਉੜੀ ੧੯)

ਇਸ ਤੋਂ ਸਾਨੂੰ ਉਸ ਵਾਰਤਕ ਰਚਨਾ ਦੀ ਟੋਹ ਮਿਲਦੀ ਹੈ ਜਿਸ ਦੇ 'ਸਤਿ ਨਾਮੁ ਕਰਤਾ ਪੁਰਖ.....' ਅੰਗ ਹਨ ਅਤੇ ਜਿਸ ਵਿਚ ਗੁਰਮਤਿ ਦੇ ਬੁਨਿਆਦੀ ਨੇਮ ਤੇ ਸਭ ਦੇ ਮੂਲ ਵਾਹਿਗੁਰੂ ਦੀ ਹਸਤੀ ਦਾ ਸਰੂਪ ਦਿੱਤਾ ਹੋਇਆ ਹੈ:

*ੴ ਸਤਿ ਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

ਇਸ ਵਿਚ ਵਾਹਿਗੁਰੂ ਦੀ ਹਸਤੀ ਦੇ ਸਰੂਪ ਦਾ ਵਰਣਨ ਜਿਹਨਾਂ ਨਾਵਾਂ ਰਾਹੀਂ ਕੀਤਾ ਗਿਆ ਹੈ ਉਹਨਾਂ ਨੂੰ ਜਪਣ ਤੇ ਧਿਆਉਣ ਲਈ ਗੁਰਬਾਣੀ ਦੇ ਇਕ ਸ਼ਬਦ ਵਿਚ ਵੀ ਆਦੇਸ਼ ਕੀਤਾ ਹੋਇਆ ਹੈ। ਇਹ ਸ਼ਬਦ ਵੀ 'ੴ... ਗੁਰ ਪ੍ਰਸਾਦਿ' ਦੇ ਮੂਲ ਮੰਤਰ ਹੋਣ ਦੀ ਸਾਖੀ ਭਰਦਾ ਹੈ। ਮੂਲ ਮੰਤਰ ਨੂੰ ਪ੍ਰਗਟਾਉਣ ਵਾਲਾ ਇਹ ਸ਼ਬਦ ਗੁਰੂ ਰਾਮਦਾਸ ਜੀ ਦਾ ਉਚਾਰਣ ਕੀਤਾ ਹੋਇਆ ਹੈ:

ਜਪਿ ਮਨ ਨਿਰਭਉ॥ ਸਤਿ ਸਤਿ ਸਦਾ ਸਤਿ॥
ਨਿਰਵੈਰੁ ਅਕਾਲ ਮੂਰਤਿ॥ ਆਜੂਨੀ ਸੰਭਉ॥
ਮੇਰੇ ਮਨ ਅਨਦਿਨੁੋ ਧਿਆਇ ਨਿਰੰਕਾਰੁ ਨਿਰਾਹਾਰੀ॥ ੧॥ ਰਹਾਉ॥

(ਸਾਰਗ ਮ: ੪ ਪੰਨਾ-੧੨੦੧)

'੧ਓ....ਗੁਰ ਪ੍ਰਸਾਦਿ' ਸੰਪੂਰਨ ਮੰਗਲਾਚਰਣ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਰਾਗਾਂ ਤੇ ਬਾਣੀਆਂ ਦੇ ਮੁਢ ਜਾਂ ਮੂਲ ਵਿਚ ਲਿਖੇ ਜਾਣ ਕਰਕੇ ਇਸਨੂੰ ਸਾਰੀ ਬਾਣੀ ਦਾ ਮੂਲ ਮੰਨਿਆ ਗਿਆ ਹੈ। ਜੇਕਰ ਅਰਥ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਵੀ ਇਹੋ ਹੀ ਇਕੋ ਇਕ ਗੁਰਵਾਕ ਹੈ ਜੋ ਸਾਰੀ ਗੁਰਮਤਿ ਵਿਚਾਰਧਾਰਾ ਦਾ ਮੂਲ ਹੈ। ਪੁਰਾਤਨ ਸਾਖੀਆਂ ਵਿੱਚੋਂ ਇਹ ਪ੍ਰਮਾਣ ਵੀ ਮਿਲਦੇ ਹਨ ਕਿ ਸਮੇਰ ਪਰਬਤ ਉਤੇ ਸਿੱਧਾਂ ਨੇ ਜਦੋਂ ਮੂਲ ਮੰਤਰ ਸੰਬੰਧੀ ਜਾਣਨ ਲਈ ਪ੍ਰਸ਼ਨ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਨੇ '੧ਓ....ਗੁਰ ਪ੍ਰਸਾਦਿ' ਸ਼ਬਦ ਕਹਿ ਕੇ ਇਸਦਾ ਨਾਂ ਮੂਲ ਮੰਤਰ ਦੱਸਿਆ ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੱਸੀ ਕਹੀ ਜਾਂਦੀ ਹੈ ਜਦੋਂ ਉਨ੍ਹਾਂ ਪਾਸ ਕਰਤਾਰਪੁਰ ਵਿਖੇ ਇਕ ਬੈਰਾਗੀ ਸਾਧੂਆਂ ਦੀ ਮੰਡਲੀ ਆ ਕੇ ਠਹਿਰੀ ਸੀ ਅਤੇ ਉਸ ਮੰਡਲੀ ਦੇ ਮਹੰਤ ਨੇ ਕੁਝ ਪ੍ਰਸ਼ਨ ਪੁੱਛੇ ਸਨ, ਜਿਹਨਾਂ ਵਿਚੋਂ ਇਕ ਪ੍ਰਸ਼ਨ ਮੂਲ ਮੰਤਰ ਬਾਰੇ ਸੀ।

ਭਾਈ ਕਾਨ੍ਹ ਸਿੰਘ ਨਾਭਾ ਵੀ ਮਹਾਨ ਕੋਸ਼ ਵਿਚ ਲਿਖਦੇ ਹਨ ਕਿ :

ਸਿੱਖ ਮਤ ਅਨੁਸਾਰ "੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ" ਮੂਲ ਮੰਤ੍ਰ ਹੈ।

## ੧.੩ ਅਵਤਰਨ ਤੇ ਉਪਦੇਸ਼:

ਮੂਲ ਮੰਤਰ ਰੂਪੀ ਗੁਰਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੁਝ ਪ੍ਰਾਚੀਨ ਜਨਮ ਸਾਖੀਆਂ ਤੇ ਇਤਿਹਾਸਕ ਗਵਾਹੀਆਂ ਅਨੁਸਾਰ, ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਦੇ ਕਿਨਾਰੇ ਸੰਤ ਘਾਟ ਦੇ ਸਥਾਨ, ਸੰਨ ੧੫੦੦ ਈ. ਦੇ ਲਗਭਗ, ਅਵਤਰਣ ਹੋਇਆ। 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਦੇ ਮਹਾਨ ਪਰਉਪਕਾਰੀ ਪ੍ਰੋਗਰਾਮ ਦੀ ਤਿਆਰੀ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ਤਿੰਨ ਦਿਨ ਅਕਾਲ ਪੁਰਖ ਵਿਚ ਲਿਵਲੀਨ ਹੋਏ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਸੱਚਖੰਡ ਵਿਚੋਂ ਵਡਿਆਈ ਮਿਲੀ, ਨਉ ਨਿਧੀਆਂ, ਨਾਮ ਤੇ ਨਿਮਰਤਾ ਪ੍ਰਾਪਤ ਹੋਈ:

ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।।....
ਚੜ੍ਹਿਆ ਸੋਧਣਿ ਧਰਤਿ ਲੁਕਾਈ।। ੨੪।। (ਵਾਰ-੧)

ਸਿੱਖੀ ਰਵਾਇਤ ਅਨੁਸਾਰ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਕਾਲ ਪੁਰਖ, ਪਾਰਬ੍ਰਹਮ ਪਰਮੇਸੁਰ, ਨੇ ਗੁਰੂ ਰੂਪ ਹੋ ਕੇ ਮੂਲਮੰਤਰ ਰੂਪੀ ਨਾਮ ਦੀ ਬਖਸ਼ਿਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀਤੀ। ਗੁਰੂ ਨਾਨਕ ਦੇਵ ਜੀ ਨੇ ਪਰਮੇਸਰ ਵਲੋਂ ਬਖਸ਼ਿਆ ਅੰਮ੍ਰਿਤ ਨਾਮ ਦਾ ਪਿਆਲਾ ਪੀਤਾ :

ਸਾਹਿਬੁ ਮਿਹਰਵਾਨੁ ਹੋਇਆ, ਨਿਰੰਜਨ ਨਿਰੰਕਾਰ ਕੀ ਆਗਿਆ ਹੋਈ,
'ਮੈਂ ਤੇਰੇ ਨਾਲ ਹਾਂ। ਤੈਨੂੰ ਮੈਂ ਨਿਹਾਲੁ ਕੀਤਾ। ਤੂੰ ਜਾਇ ਕੇ ਨਾਮੁ ਜਪਾਇ ਅਤੇ
ਸੰਸਾਰ ਤੇ ਨਿਰਲੇਪੁ ਰਹੁ।। ਨਾਮ ਦਾਨੁ ਇਸਨਾਨੁ ਸੇਵਾ ਸਿਮਰਨੁ ਵਿਚਿ ਰਹੁ।।

ਮੈਂ ਤੇਰੇ ਨਾਲ ਹਾਂ। ਮੈ ਤੇਰੇ ਤਾਈ ਏਹੋ ਨਾਉ ਦੀਆ ਹੈ। ਤੂੰ ਏਹਾ ਕੀਰਤਿ ਕਰੁ।'

(ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਪਾ: ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ ੩੫)

ਭਾਈ ਸੰਤੋਖ ਸਿੰਘ ਜੀ ਵੀ ਇਹ ਮੰਨਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਮੂਲ ਮੰਤਰ ਦੀ ਪ੍ਰਾਪਤੀ ਪਾਰਬ੍ਰਹਮ ਤੋਂ ਹੋਈ। ਵਾਹਿਗੁਰੂ ਨੇ ਗੁਰੂ ਹੋ ਕੇ ਗੁਰੂ ਨਾਨਕ ਦੇਵ ਜੀ ਨੂੰ ਮੰਤ੍ਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਜੋ ਮੰਤਰ ਪਾਰਬ੍ਰਹਮ ਤੋਂ ਲੈ ਕੇ ਆਪ ਧਾਰਨ ਕੀਤਾ ਉਸਦਾ ਸਰੂਪ ੧ਓ ਤੋਂ ਗੁਰ ਪ੍ਰਸਾਦਿ ਤਕ ਹੈ:

ਪਾਰਬ੍ਰਹਮ ਬਿਗਸੇ ਸੁਨਤਿ ਮੰਤ੍ਰ ਦੀਨ ਗੁਰੁ ਹੋਇ।
ਸ੍ਰੀ ਨਾਨਕ ਧਾਰਨ ਕਰਜੋ, ਬਰਨ ਸੁਨਾਵੋਂ ਸੋਇ।।੫।।
ਅਥ ਮੰਤ੍ਰ—

*੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।*

(ਸ੍ਰੀ ਗੁਰ ਨਾਨਕ ਪ੍ਰਕਾਸ਼: ਪੂਰਾਬਾਰਧ, ਅਧਿ, ੨੯)

ਗਿਆਨੀ ਗਿਆਨ ਸਿੰਘ ਇਸ ਪ੍ਰਸੰਗ ਨੂੰ 'ਪੰਥ ਪ੍ਰਕਾਸ਼' ਵਿਚ ਲਿਖਦੇ ਹੋਏ ਇਹ ਸਪੱਸ਼ਟ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਵਲੋਂ ਮੰਤਰ ਦੀ ਬਖਸ਼ਿਸ਼ ਹੋਈ। ਸੰਸਾਰ ਵਿਚ ਨਾਮ-ਭਗਤੀ ਦੇ ਉਪਦੇਸ਼ ਕਰਨ ਦਾ ਹੁਕਮ ਹੋਇਆ:

ਤਿਸ ਨੂਰ ਤੇ ਇਹੁ ਹੁਕਮ ਹੋਯੋ ਗੁਰੁ ਕੋ ਸੋਭਾਇ ਕੈ।
ਤੁਮ ਜਾਇ ਜਗ ਮੈ ਵਿਚਰ ਕੀਜੋ ਭਗਤਿ ਹਰਿ ਪਰਿਚਾਰ ਹੈ।
ਗੁਰੂ ਕਰੀ ਬਿਨਤੀ ਮਿਲੈ ਮੰਤ੍ਰ ਆਪ ਤੇ ਮੁਹਿ ਸਾਰ ਹੈ।
ਜਗਤੇਸ ਤਬ ਗੁਰੁ ਮੰਤਰ ਦੈ ਉਪਦੇਸ ਵੇਸ ਦਿਵਾਇ ਕੈ।
ਦੈ ਸਤਗੁਰੂ ਪਦ ਸਰਬ ਸਕਤੀ ਪਠਿਓ ਥਾਪੀ ਲਾਇ ਕੈ।
ਲੈ ਖੁਸੀ ਆਗਜਾ ਉਸੀ ਤੈ ਗੁਰੁ ਲੌਟ ਪੀਛੈ ਆਏ ਹੈ।
ਤਹਿ ਨਿਕਸ ਬੇਈਂ ਤੈ ਖਿਰੇ ਜਹਿ ਸੰਤ ਘਾਟ ਸਦਾਇ ਹੈ।

(ਪੰਥ ਪ੍ਰਕਾਸ਼, ਭਾਸ਼ਾ ਵਿਭਾਗ, ਪਟਿਆਲਾ, ਪੰਨਾ ੩੬)

ਗਿਆਨੀ ਗਿਆਨ ਸਿੰਘ ਜੀ ਇਸ ਗੱਲ ਨੂੰ ਪੂਰੀ ਤਰ੍ਹਾਂ ਨਿਖਾਰ ਦਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਜਗਤ ਦੇ ਕਲਿਆਨ ਲਈ ਜੋ ਮੰਤਰ ਪ੍ਰਾਪਤ ਕੀਤਾ ਸੀ ਉਹ '੧ਓ....ਗੁਰ ਪ੍ਰਸਾਦਿ' ਸੀ ਅਤੇ ਇਹੋ ਹੀ ਗੁਰੂ ਨਾਨਕ ਦੇਵ ਜੀ ਆਪਣੀ ਰਚੀ ਹੋਈ ਬਾਣੀ ਦੇ ਆਦਿ ਵਿਚ ਮੰਗਲਾਚਰਣ ਦੇ ਰੂਪ ਵਿਚ ਲਿਖਦੇ ਸਨ। ਇਥੇ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਜਿਸ ਗੁਰਵਾਕ ਨੂੰ ਸੰਪੂਰਨ ਮੰਗਲਾਚਰਣ ਕਿਹਾ ਜਾਂਦਾ ਹੈ ਉਹੋ ਹੀ ਗੁਰਮਤਿ ਦਾ ਮੂਲ ਮੰਤਰ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

ਜਿਉਂ ਹੋਇ ਹੁਕਮ ਅਕਾਲ ਤਿਉਂ ਫਿਰ ਆਇ ਮਤ ਬਿਸਤਾਰੀਏ।
ਉਪਦੇਸ ਮੰਤ੍ਰ ਤਹੀਂ ਤੈ ਲੈ, ਜੀਵ ਗਨ ਭਵ ਤਾਰੀਏ।੫੬।...
ਵਹਿ ਨਾਮੁ ਮੁਹਿ ਉਪਦੇਸੀਐ, ਜੋ ਜਾਇ ਮੈਂ ਅਬਿ ਜਗਤ ਮੈਂ।
ਉਪਦੇਸ਼ ਕਰਿ ਕੈ ਜਨਨਿ ਕੌਂ, ਪੁਨਿ ਲਾਇ ਰਾਵਰਿ ਭਗਤਿ ਮੈਂ। ੬੨।...
ਜਾਹੁ ਅਬੈ ਕਲਿ ਜੀਵ ਉਧਾਰਨ ਕਾਰਨ, ਬਾਨਿ ਉਚਾਰਨ ਕੱਯੋ।
ਮੰਗਲ ਢਾਨ, ਅਮੰਗਲ ਹਾਨਕ, ਆਦਿ ਵਿਖੈ ਯਹਿ ਮੰਗਲ ਦੱਯੋ।
ਏਕ ਉਂਕਾਰ ਅਹੇ ਸਤਿ ਨਾਮੁ, ਵਹੇ ਕਰਤਾ ਇਕ ਪੁਰਖੁ ਮਨੱਯੋ।
ਸੋ ਨਿਰਭਉ ਨਿਰਵੈਰ ਅਕਾਲ ਮੂਰਤਿ ਆਹਿ ਅਜੂਨਿ ਲਖੱਯੋ।।੬੭।।

ਦੋਹਰਾ-
ਸੈਭੰ ਗੁਰ ਪ੍ਰਸਾਦਿ ਯਹਿ ਇਸ਼ਟ ਮੰਤ੍ਰ ਲਖ ਲੇਹੁ।
ਜੇਤਕ ਬਾਨੀ ਰਚੋ ਤੁਮ ਆਦਿ ਸਬੀ ਕੇ ਦੇਹੁ।। ੬੮।।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।*

(ਸ੍ਰੀ ਗੁਰੂ ਪੰਥ ਪ੍ਰਕਾਸ਼, ਸੰਪਾ: ਗਿਆਨੀ ਕ੍ਰਿਪਾਲ ਸਿੰਘ, ਪੂਰਬਾਰਧ, ਬਿਸ੍ਰਾਮ ੫)

ਸੋ ਗਿਆਨੀ ਗਿਆਨ ਸਿੰਘ ਜੀ ਦੀ ਰਚਨਾ 'ਪੰਥ ਪ੍ਰਕਾਸ਼' ਤੋਂ ਮੂਲ ਮੰਤਰ ਬਾਰੇ ਇਹ ਗੱਲਾਂ ਸਪੱਸ਼ਟ ਹੁੰਦੀਆਂ ਹਨ:

(ੳ) ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ੧ੳ ਤੋਂ ਗੁਰ ਪ੍ਰਸਾਦਿ ਤਕ ਮੰਤਰ ਬਖਸ਼ਿਸ਼ ਕੀਤਾ।

(ਅ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਬਾਣੀ ਉਚਾਰਨ ਕੀਤੀ ਉਸ ਦੇ ਸ਼ੁਰੂ ਵਿਚ ਉਹਨਾਂ ਨੇ '੧ੳ ਤੋਂ ਗੁਰ ਪ੍ਰਸਾਦਿ' ਮੰਗਲ ਲਿਖਿਆ।... 'ਆਦਿ ਵਿਖੈ ਯਹਿ ਮੰਗਲ ਦਯੋ।' 'ਜੇਤਕ ਬਾਨੀ ਰਚੌ ਤੁਮ ਆਦਿ ਸਬੀ ਕੇ ਦੇਹੁ।'

(ੲ) ਸ੍ਰੀ ਗੁਰੂ ਨਾਨਕ ਦੇਵ ਜੀ ਨੇ '੧ੳ....ਗੁਰ ਪ੍ਰਸਾਦਿ' ਨੂੰ ਉਪਦੇਸ਼ ਮੰਤ੍ਰ ਬਣਾ ਕੇ ਇਸਦਾ ਪ੍ਰਚਾਰ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਉੱਪਰ ਲਿਖੇ ਕੌਤਕ ਦਾ ਪਤਾ ਆਪਣੀ ਬਾਣੀ ਵਿਚ ਵੀ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਉਹਨਾਂ ਨੇ ਆਪ ਵਾਹਿਗੁਰੂ ਦੇ ਸਰੂਪ ਵਿਚ ਪ੍ਰਾਪਤ ਹੋ ਕੇ ਅੰਮ੍ਰਿਤ ਨਾਮ ਤੇ ਕੀਰਤਨ ਦੀ ਦਾਤ ਜਗਤ ਨੂੰ ਦੇਣ ਲਈ ਹੁਕਮ ਪ੍ਰਾਪਤ ਕੀਤਾ ਅਤੇ ਇਸਨੂੰ ਅੱਗੇ ਪ੍ਰਚਾਰ ਕਰਨ ਲੱਗ ਪਏ। ਗੁਰੂ ਨਾਨਕ ਦੇਵ ਜੀ ਲਿਖਦੇ ਹਨ:

ਹਉ ਢਾਢੀ ਵੇਕਾਰੁ ਕਾਰੈ ਲਾਇਆ।।
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।।

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥ਸੁਧੁ

(ਮਾਝ ਕੀ ਵਾਰ, ਪੰਨਾ ੧੫੦)

ਪੁਰਾਤਨ ਜਨਮ ਸਾਖੀ ਲਗਭਗ ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵਿਚ ਲਿਖਤੀ ਰੂਪ ਵਿਚ ਆ ਗਈ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਉਹਨਾਂ ਸਾਖੀਆਂ ਤੇ ਰਿਵਾਇਤਾਂ ਦੇ ਉਲੇਖ ਹੈ ਜੋ ਸੀਨਾ-ਬਸੀਨਾ ਚਲਦੀਆਂ ਹੋਈਆਂ ਉਸ ਸਮੇਂ ਪ੍ਰਚਲਤ ਸਨ। ਪੁਰਾਤਨ ਜਨਮਸਾਖੀ (ਸੰਪਾ: ਭਾਈ ਵੀਰ ਸਿੰਘ) ਵਿਚ ੧ਓ ਤੋਂ ਗੁਰ ਪ੍ਰਸਾਦਿ ਤਕ ਦੇ ਗੁਰਵਾਕ ਵਾਸਤੇ ਸਲੋਕ ਸ਼ਬਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਇਸ ਪੁਰਾਤਨ ਜਨਮਸਾਖੀ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਦੀਆਂ ਸੰਸਾਰਿਕ ਸੁਰਤੀਆਂ ਨੂੰ ਉੱਚਾ ਚੁੱਕ ਕੇ ਪਰਮ ਸਤਾ ਵੱਲ ਲੈ ਜਾਣ ਲਈ ਇਸੇ ਗੁਰਵਾਕ '੧ਓ.....ਗੁਰ ਪ੍ਰਸਾਦਿ' ਨਾਲ ਸੁਰਤਿ ਜੋੜਨ ਦਾ ਉਪਦੇਸ਼ ਕਰਦੇ ਸਨ। ਇਸਦੇ ਪੜ੍ਹਨ ਤੇ ਸਿਮਰਨ ਦਾ ਉਪਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੈਦੋ ਤੇ ਸੀਹੋ ਗੁਰਸਿੱਖਾਂ ਪ੍ਰਤੀ ਕੀਤਾ। ਸਿੱਖ ਇਤਿਹਾਸ ਅਨੁਸਾਰ ਇਹਨਾਂ ਦੋਹਾਂ ਗੁਰਸਿੱਖਾਂ ਨੇ ਕੁਝ ਸਮਾਂ ਗੁਰੂ ਨਾਨਕ ਦੇਵ ਜੀ ਨਾਲ ਰਹਿ ਕੇ ਗੁਰਬਾਣੀ ਲਿਖਣ ਦਾ ਕੰਮ ਵੀ ਕੀਤਾ। ਇਸ ਸਾਖੀ ਤੋਂ ਮੂਲ ਮੰਤਰ ਦਾ ੧ਓ ਤੋਂ ਗੁਰ ਪ੍ਰਸਾਦਿ ਤਕ ਹੋਣਾ, ਗੁਰੂ ਨਾਨਕ ਦੇਵ ਜੀ ਵਲੋਂ ਇਸਦਾ ਆਪਣੇ ਸਿੱਖਾਂ ਨੂੰ ਸਿਮਰਨ ਕਰਨ ਲਈ ਦੇਣਾ ਅਤੇ ਇਸ ਦੀ ਮਹੱਤਤਾ ਬਾਰੇ ਦੱਸਣਾ ਸਪੱਸ਼ਟ ਰੂਪ ਵਿਚ ਪਤਾ ਲੱਗਦਾ ਹੈ। ਸੰਬੰਧਤ ਸਾਖੀ ਦੇ ਕੁਝ ਅੰਸ਼ ਇਸ ਤਰ੍ਹਾਂ ਹਨ:

> ਤਬ ਸਿੰਗਲਾਦੀਪ ਕੀ ਸੁਰਤਿ ਹੋਈ। ਜਾਇ ਸਮੁੰਦ੍ਰ ਅਸਗਾਹ ਵਿਚਿ ਖੜੇ ਹੋਇ। ਤਬ ਬਾਬੈ ਆਖਿਆ, 'ਏਹਾ ਅਸਗਾਹ ਸਮੁੰਦ੍ਰ ਕਿਉ ਕਰਿ ਤਰੀਐ, ਲੰਘੀਐ॥' ਤਦਹੁ ਸਿਖਾ ਬੇਨਤੀ ਕੀਤੀ, ਸੈਦੋ ਅਤੇ ਸੀਹੋ ਆਖਿਆ, 'ਜੀ ਤੇਰੇ ਹੁਕਮਿ ਨਾਲਿ ਪਹਾੜ ਤਰਨਿ।' ਤਬ ਗੁਰੂ ਬੋਲਿਆ, ਆਖਿਓਸ, 'ਏਹੁ ਪੜਦੇ ਆਵਹੁ':
>
> *੧ਓ ਸਤਿ ਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ*
> *ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥'*
>
> ਤਬ ਬਾਬਾ ਬੋਲਿਆ, ਆਖਿਓਸੁ, 'ਜਿਸ ਸਿਖ ਦੈ ਮੁਹਿ ਏਹੁ ਸਲੋਕੁ ਹੋਵੈਗਾ ਅਤੇ ਉਹੁ ਪੜਦਾ ਜਾਵੇਗਾ ਅਤੇ ਓਸਦੈ ਪਿਛੈ ਜਿਤਨੀ ਸੁਣੈਗੀ

ਤਿਤਨੀ ਭਵਜਲੁ ਪਾਰਿ ਲੰਘੇਗੀ।'

(ਪੁਰਾਤਨ ਜਨਮਸਾਖੀ, ਸਾਖੀ ਨੰ: ੪੭)

## ੧.੪ ਮੂਲ ਮੰਤਰ ਤੇ ਨਾਨਕ ਪਦ

ਇਹ ਗੱਲ ਵੀ ਆਮ ਤੇ ਸਰਵ ਪ੍ਰਵਾਨਿਤ ਹੈ ਕਿ ਮੰਤਰ ਵਿਚ ਹਮੇਸ਼ਾ ਹੀ ਇਸ਼ਟ ਦੇ ਨਾਮ ਜਾਂ ਉਸਦੇ ਗੁਣਾਂ ਨੂੰ ਹੀ ਗੁੰਦਿਆ ਹੋਇਆ ਹੁੰਦਾ ਹੈ। ਮੰਤਰ ਵਿਚ ਮੰਤਰ ਦੇ ਕਰਤਾ ਦਾ ਨਾਂ ਜਾਂ ਰਚਾਇਤਾ ਦੀ ਮੁਹਰ-ਛਾਪ ਹੋਣੀ ਜ਼ਰੂਰੀ ਨਹੀਂ ਹੈ। ਇਸ ਨਿਯਮ ਦੀ ਪਾਲਣਾ ਸਾਨੂੰ ਹੋਰ ਮੱਤਾਂ ਦੇ ਮੰਤਰਾਂ ਵਿਚ ਕੀਤੀ ਹੋਈ ਮਿਲਦੀ ਹੈ। ਮੂਲ ਮੰਤਰ '੧ਓ......ਗੁਰ ਪ੍ਰਸਾਦਿ' ਵਿਚ ਵੀ ਇਸ ਦੇ ਉਚਾਰਣ ਕਰਤਾ ਜਾਂ ਰਚਾਇਤਾ ਦਾ ਕੋਈ ਨਾਮ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਜਿੰਨੇ ਵੀ ਸ਼ਬਦ ਹਨ ਉਹਨਾਂ ਵਿਚ ਆਮ ਕਰਕੇ ਉਸ ਸ਼ਬਦ ਦੇ ਉਚਾਰਣ ਵਾਲੇ ਦਾ ਨਾਂ ਜਾਂ 'ਨਾਨਕ' ਪਦ ਦਿੱਤਾ ਹੋਇਆ ਹੈ। ਪਰ ਕਈ ਇਕ ਅਜੇਹੇ ਸ਼ਬਦ ਵੀ ਹਨ ਜਿਨ੍ਹਾਂ ਦੇ ਅੰਤ ਵਿਚ ਉਚਾਰਣ ਕਰਤੇ ਦਾ ਨਾਂ ਜਾਂ 'ਨਾਨਕ' ਪਦ ਲਿਖਿਆ ਹੋਇਆ ਨਹੀਂ ਮਿਲਦਾ। ਉਦਾਹਰਣ ਲਈ ਜਪੁ ਬਾਣੀ ਹੀ ਲੈ ਲਵੋ ਜਿਸ ਵਿਚ ੧੨ ਪਉੜੀਆਂ ਅਜੇਹੀਆਂ ਹਨ, ਜਿਹਨਾਂ ਵਿਚ 'ਨਾਨਕ' ਪਦ ਦੀ ਵਰਤੋਂ ਨਹੀਂ ਕੀਤੀ ਹੋਈ। ਗੁਰਬਾਣੀ ਵਿਚ ਜਿਥੇ ਜਿਥੇ ਵੀ ਮੰਗਲਾ ਚਰਣ ਲਿਖਿਆ ਗਿਆ ਹੈ ਉਥੇ ਕਿਤੇ ਵੀ 'ਨਾਨਕ' ਪਦ ਨਹੀਂ ਹੈ। ਇਸ ਨਿਯਮ ਦੀ ਪਾਲਣਾ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਹੋਈ ਮਿਲਦੀ ਹੈ।

ਮੂਲ ਮੰਤਰ ਵਿਚ 'ਨਾਨਕ' ਪਦ ਨਹੀਂ ਹੈ ਪਰ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਣ ਕੀਤਾ ਹੋਇਆ ਸਵੀਕਾਰਿਆ ਜਾਂਦਾ ਹੈ। ਗੁਰਮਤਿ ਵਿਚ ਇਸ ਨੂੰ ਸ਼੍ਰੋਮਣੀ ਸਥਾਨ ਮਿਲਿਆ ਹੋਇਆ ਹੈ। ਸਰਵ-ਉਚ ਪਰਮ ਹਸਤੀ ਦੇ ਸਰੂਪ ਦਾ ਦਰਸ਼ਨ ਇਸ ਵਿਚੋਂ ਹੋਣ ਕਰਕੇ ਇਸਨੂੰ ਉਥੋਂ ਹੀ ਅਵਤਰਣ ਹੋਇਆ ਮੰਨਿਆ ਜਾਂਦਾ ਹੈ। ਇਸ ਵਿਚ ਪਰਮ ਹਸਤੀ ਦੇ ਗੁਣ ਵਾਚਕ ਨਾਮ ਤੇ ਉਸਦੀ ਕ੍ਰਿਪਾ ਦੀ ਪ੍ਰਧਾਨਤਾ ਹੈ, ਇਸ ਤੋਂ ਸਿਵਾਏ ਹੋਰ ਕੋਈ ਨਹੀਂ, ਇਥੋਂ ਤਕ ਕਿ 'ਨਾਨਕ' ਨਾਮ ਵੀ ਨਹੀਂ ਹੈ। ਇਸ ਕਰਕੇ ਜਦੋਂ ਵੀ ਕੋਈ ਇਸ ਨਾਲ ਆਪਣੀ ਸੁਰਤੀ ਜੋੜਦਾ ਹੈ ਤਾਂ ਸੁਰਤੀ ਜੋੜਣ ਵਾਲੇ ਅਤੇ ਪਰਮ ਹਸਤੀ ਦੇ ਵਿਚਕਾਰ ਦੂਸਰਾ ਕੋਈ ਹੋਰ ਨਹੀਂ ਰਹਿ ਜਾਂਦਾ। ਇਸ ਵਿਚ ਸੁਰਤੀ ਲੱਗਣ ਨਾਲ ਮਨੁੱਖੀ ਚੇਤਨਾ ਨਿਰੋਲ ਪਾਰਬ੍ਰਹਮ ਵਿਚ ਜਾਗਤ ਰਹਿੰਦੀ ਹੈ।

## ੧.੫ ਗੁਰੂ ਸਾਹਿਬ ਦੇ ਦਸਖ਼ਤ ਨੀਸਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ ਹੱਥ ਲਿਖਤ ਸਰੂਪਾਂ ਵਿਚ ਸਾਨੂੰ ਗੁਰੂ ਸਾਹਿਬਾਂ ਦੇ ਦਸਖ਼ਤ ਨੀਸਾਣ ਮਿਲਦੇ ਹਨ। ਇਹ ਦਸਖ਼ਤ ਨੀਸਾਣ ਉਹਨਾਂ ਨੇ ਬਹੁਤ ਥਾਵਾਂ 'ਤੇ '੧ਓ.....ਗੁਰ ਪ੍ਰਸਾਦਿ' ਲਿਖ ਕੇ ਕੀਤੇ ਹਨ। ਪੰਜਵੇਂ, ਛੇਵੇਂ, ਸਤਵੇਂ, ਨੌਵੇਂ, ਤੇ ਦਸਵੇਂ ਗੁਰੂ ਪਾਤਸ਼ਾਹਾਂ ਦੇ ਮੂਲ ਮੰਤਰ ਲਿਖੇ ਹੋਏ ਇਹ ਨੀਸਾਣ ਸਾਡੇ ਪਾਸ ਅਜੇ ਵੀ

ਸੁਰੱਖਿਅਤ ਰੂਪ ਵਿਚ ਮਿਲਦੇ ਹਨ। ਕਰਤਾਰਪੁਰੀ ਸ੍ਰੀ ਆਦਿ ਗ੍ਰੰਥ ਸਾਹਿਬ ਜਿਸਨੂੰ ਪੰਜਵੇਂ ਪਾਤਸ਼ਾਹ ਵਲੋਂ ਤਿਆਰ ਕਰਵਾਇਆ ਤੇ ਭਾਈ ਗੁਰਦਾਸ ਜੀ ਵਲੋਂ ਲਿਖਿਆ ਮੰਨਿਆ ਜਾਂਦਾ ਹੈ ਉਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਆਪਣਾ ਦਸਖ਼ਤ ਨੀਸਾਣੁ ਦਿੱਤਾਂ ਹੈਂ ਉਹ ਇਹੋ ਮੂਲਮੰਤਰ (੧ੴ ਤੋਂ ਗੁਰ ਪ੍ਰਸਾਦਿ ਤਕ) ਹੈ। ਇਸ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਛੇਵੇਂ ਪਾਤਸ਼ਾਹ ਦੇ ਦਸਖ਼ਤ ਨੀਸਾਣੁ ਵੀ ਇਸੇ ਮੂਲ ਮੰਤਰ ਦੇ ਰੂਪ ਵਿਚ ਹਨ। ਕਰਤਾਰਪੁਰੀ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਹੋਰ ਜਿਥੇ ਵੀ ਇਹ ਮੂਲ ਮੰਤਰ ਲਿਖਿਆ ਗਿਆ ਹੈ.ਉਹ ਇਸ ਤਰ੍ਹਾਂ ਸੁਤੰਤਰ ਰੂਪ ਵਿਚ ਨਹੀਂ ਹੈ, ਬਾਣੀ ਵਾਲੇ ਭਾਗ ਵਿਚ ਸਭ ਥਾਵਾਂ 'ਤੇ ਮੰਗਲਾ ਚਰਣ ਦੇ ਰੂਪ ਵਿਚ ਹੈ। ਇਸ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਤਤਕਰੇ ਦੇ ਮੁੱਢ ਵਿਚ ਵੀ ਇਹ ਮੂਲ ਮੰਤਰ ਮੰਗਲਾ ਚਰਣ ਦੇ ਰੂਪ ਵਿਚ ਲਿਖਿਆ ਗਿਆ ਹੈ। ਬਾਕੀ ਗੁਰੂ ਸਾਹਿਬਾਂ ਦੇ ਦਸਖ਼ਤ ਨੀਸਾਣ ਵੀ ਸਾਨੂੰ ਇਸੇ ਮੂਲ ਮੰਤਰ '੧ੴ....ਗੁਰਪ੍ਰਸਾਦਿ' ਰੂਪ ਵਿਚ ਅਲਗ ਅਲਗ ਪੁਰਾਤਨ ਹੱਥ ਲਿਖਤ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਕਈ ਵਾਰ ਲਿਖੇ ਹੋਏ ਮਿਲਦੇ ਹਨ। ਇਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਨੂੰ 'ਨੀਸਾਣ ਤੇ ਹੁਕਮਨਾਮੇ' (ਸੰਪਾ: ਸ਼ਮਸ਼ੇਰ ਸਿੰਘ ਅਸ਼ੋਕ) ਵਿਚੋਂ ਮਿਲਦੀ ਹੈ:

੧. ਸ੍ਰੀ ਗੁਰੂ ਹਰਿਰਾਇ ਜੀ ਦੇ ਨੀਸਾਣ '੧ੴ.....ਗੁਰ ਪ੍ਰਸਾਦਿ' ਰੂਪ ਵਿਚ:

(ੳ) ਧਰਮਸਾਲ ਭਾਈ ਪੈਂਦਾ ਸਾਹਿਬ, ਰਾਵਲਪਿੰਡੀ ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਅ) ਦੇਹਰਾਦੂਨ ਵਾਲੇ ਸੰਮਤ ੧੭੧੬ ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

੨. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨੀਸਾਣ '੧ੴ......ਗੁਰ ਪ੍ਰਸਾਦਿ' ਰੂਪ ਵਿਚ ਸਾਨੂੰ ਕਈ ਪੁਰਾਤਨ ਹੱਥ ਲਿਖਤ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਮਿਲਦੇ ਹਨ:

(ੳ) ਗੁਰਦੁਆਰਾ ਮੈਣੀ ਸੰਗਤਿ ਪਟਨਾ ਸਾਹਿਬ ਵਿਚ ਸੰਮਤ ੧੭੧੪ ਦੇ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਵਿਚ।

(ਅ) ਗੁਰਦੁਆਰਾ ਥੰਮ ਸਾਹਿਬ ਪਟਨਾ ਦੇ ਸੰਮਤ ੧੭੮੧ ਦੇ ਪੁਰਾਤਨ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ।

(ੲ) ਸ੍ਰੀ ਗੁਰੂ ਨਾਨਕ ਆਸ਼੍ਰਮ ਅਰਹੋਰਾ ਦੇ ਸੰਮਤ ੧੭੯੯ ਦੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ।

(ਸ) ਭਾਈ ਬੰਨੋਆਣੀਆਂ ਪਾਸ ਸ੍ਰੀ ਆਦਿ (ਗੁਰੂ) ਗ੍ਰੰਥ ਸਾਹਿਬ ਦੇ ਇਕ ਪੁਰਾਤਨ ਸਰੂਪ ਵਿਚ।

(ਹ) ਸਿੱਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਸੰਮਤ ੧੭੨੮ ਦੀ ਹੱਥ ਲਿਖਤ ਪੋਥੀ ਨੰ: ੧੬੫੭ ਵਿਚ।

(ਕ) ਉੱਤਰ ਪ੍ਰਦੇਸ਼ ਦੇ ਛੋਟਾ ਮਿਰਜ਼ਾ ਪੁਰ ਦੇ ਸੰਮਤ ੧੭੩੯ ਦੇ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿਚ।

੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੀਸਾਣ '੧ੴ.....ਗੁਰ ਪ੍ਰਸਾਦਿ' ਰੂਪ ਵਿਚ ਲਿਖੇ ਹੋਏ ਉਸ ਸਮੇਂ ਦੇ ਅਨੇਕਾਂ ਪੁਰਾਤਨ ਹੱਥ ਲਿਖਤ ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਸਰੂਪਾਂ ਵਿਚ ਮਿਲਦੇ ਹਨ।

(ੳ) ਧਰਮਸਾਲਾ ਭਾਈ ਪੈਂਦਾ ਸਾਹਿਬ ਰਾਵਲਪਿੰਡੀ ਦੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਅ) ਛੋਟਾ ਮਿਰਜ਼ਾਪੁਰ ਦੇ ਸੰਮਤ ੧੭੩੯ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ੲ) ਗੁਰਦੁਆਰਾ ਮੈਣੀ ਸੰਗਤ ਪਟਨਾ ਸਾਹਿਬ ਦੇ ਇਕ ਹੱਥ ਲਿਖਤ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ।

(ਸ) ਚਕ ਫ਼ਤਹਿ ਸਿੰਘ (ਪੰਜਾਬ) ਦੀ ਪੋਥੀ ਵਿਚ।

ਇਹਨਾਂ ਸਾਰੇ ਦਸਖ਼ਤ ਨੀਸਾਣਾਂ ਵਿਚ ਭਾਵੇਂ ਕਈ ਥਾਵਾਂ ਉਤੇ ਸ਼ਬਦਾਂ ਤੇ ਲਗਾਂ ਮਾਤਰਾਂ ਦੇ ਫਰਕ ਹਨ ਪਰ ਫਿਰ ਵੀ ਇਹ ਸਾਰੇ ਮੂਲ ਰੂਪ ਵਿਚ ੧ੴ ਤੋਂ ਗੁਰ ਪ੍ਰਸਾਦਿ ਦੀ ਪ੍ਰਧਾਨਤਾ ਪ੍ਰਗਟ ਕਰਦੇ ਹਨ। ਇਥੇ ਇਕ ਗੱਲ ਵੱਲ ਵਿਸ਼ੇਸ਼ ਧਿਆਨ ਜਾਂਦਾ ਹੈ ਕਿ ਗੁਰੂ ਸਾਹਿਬਾਂ ਦੇ ਦਸਖ਼ਤ ਨੀਸਾਣੁ ਮੂਲ ਮੰਤਰ ਤੋਂ ਇਲਾਵਾ ਮੰਗਲਾਚਰਣ ਦੇ ਹੋਰ ਰੂਪਾਂ ਵਿਚ ਤਾਂ ਮਿਲਦੇ ਹਨ ਪਰ '੧ੴ.....।। ਜਪੁ।।....ਨਾਨਕ ਹੋਸੀ ਭੀ ਸਚੁ' ਦੇ ਰੂਪ ਵਿਚ ਲਿਖੇ ਹੋਏ ਕਿਸੇ ਵੀ ਪੁਰਾਤਨ ਲਿਖਤ ਵਿਚੋਂ ਨਹੀਂ ਮਿਲਦੇ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ '੧ੴ ....।। ਜਪੁ।।.....ਨਾਨਕ ਹੋਸੀ ਭੀ ਸਚੁ' ਗੁਰੂ ਸਾਹਿਬਾਂ ਦੇ ਸਮੇਂ ਪ੍ਰਚਲਤ ਤੇ ਪ੍ਰਵਾਨਿਤ ਨਾ ਹੋਣ ਕਰਕੇ ਪ੍ਰਮਾਣਿਕ ਰੂਪ ਨਹੀਂ ਹੈ।

## ੧.੬ ਭਾਈ ਗੁਰਦਾਸ ਅਨੁਸਾਰ ਮੂਲ ਮੰਤਰ

ਭਾਈ ਗੁਰਦਾਸ ਜੀ ਅਨੁਸਾਰ ਮੂਲ ਮੰਤਰ ਸਤਿਗੁਰੂ ਦਾ ਉਹ ਸ਼ਬਦ ਹੈ, ਜਿਸ ਨਾਲ ਸੁਰਤਿ ਜੋੜ ਕੇ ਗੁਰਸਿੱਖ ਲਿਵਲੀਣ ਰਹਿੰਦੇ ਹਨ। ਗੁਰਸਿੱਖਾਂ ਦਾ ਦ੍ਰਿੜ੍ਹ ਨਿਸ਼ਚਾ ਕੇਵਲ ਮੂਲ ਮੰਤਰ ਵਿਚ ਹੀ ਹੈ, ਇਸ ਤੋਂ ਸਿਵਾਏ ਉਹ ਹੋਰ ਕਿਸੇ ਵੀ ਤੰਤਰ-ਮੰਤਰ-ਜੰਤਰ ਆਦਿ ਨੂੰ ਨਹੀਂ ਮੰਨਦੇ। ਉਹ ਆਪਣੀ ਰਚਨਾ 'ਕਬਿਤ ਸਵੈਯੇ' ਵਿਚ ਗੁਰਸਿੱਖਾਂ ਦੀ ਇਸ ਪਵਿੱਤ੍ਰ ਭਾਵਨਾ ਨੂੰ ਪ੍ਰਕਾਸ਼ਮਾਨ ਕਰਦੇ ਹਨ:

ਸਤਿਗੁਰ ਸਬਦੁ ਸੁਰਤਿ ਲਿਵ ਮੂਲ ਮੰਤ੍ਰ  
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤਿ ਹੈ। (ਕਬਿਤ ਸਵੱਯੇ, ੧੯੩/੩)

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਦੋ ਪਉੜੀਆਂ, ਵਾਰ ੩ ਪਉੜੀ ੧੫ ਅਤੇ ਵਾਰ ੩੯ ਪਉੜੀ ਪਹਿਲੀ, ਅਜੇਹੀਆਂ ਹਨ ਜਿਹਨਾਂ ਦੀ ਸਾਂਝ ਮੂਲ ਮੰਤਰ ਨਾਲ ਬਣਦੀ ਹੈ। ਵਾਰ ੩ ਪਉੜੀ ੧੫ ਤੋਂ ਇਹ ਸੇਧ ਮਿਲਦੀ ਹੈ ਕਿ ਮੂਲ ਮੰਤਰ ਦਾ ਸਰੂਪ

'੧ਓ....ਗੁਰ ਪ੍ਰਸਾਦਿ' ਹੈ ਪਰ ਵਾਰ ੩੯ ਦੀ ਪਹਿਲੀ ਪਉੜੀ ਤੋਂ ਇਹ ਸ਼ੱਕ ਪੈਣ ਲੱਗ ਜਾਂਦਾ ਹੈ ਕਿ ਮੂਲ ਮੰਤਰ '੧ਓ...ਗੁਰ ਪ੍ਰਸਾਦਿ' ਤੋਂ ਵੀ ਅੱਗੇ '...ਹੋਸੀ ਭੀ ਸਚੁ' ਤਕ ਚਲਿਆ ਜਾਂਦਾ ਹੈ। ਮੂਲ ਮੰਤਰ ਵੀ ਪ੍ਰਮਾਣਿਕਤਾ ਬਾਰੇ ਉਲਝਣ ਨੂੰ ਇਹਨਾਂ ਦੋਹਾਂ ਪਉੜੀਆਂ ਦੇ ਆਧਾਰ ਉੱਤੇ ਹੀ ਸੁਲਝਾਇਆ ਜਾ ਸਕਦਾ ਹੈ। ਹੁਣ ਅਸੀਂ ਪਉੜੀਆਂ ਦਾ ਅਧਿਐਨ ਮੂਲ ਮੰਤਰ ਦੇ ਪ੍ਰਮਾਣਿਕ ਸਰੂਪ ਜਾਣਨ ਦੇ ਦ੍ਰਿਸ਼ਟੀਕੋਨ ਤੋਂ ਕਰਦੇ ਹਾਂ।

ਭਾਈ ਗੁਰਦਾਸ ਜੀ ਦੀ ਤੀਸਰੀ ਵਾਰ ਦੀ ਪਉੜੀ ੧੫ ਅਨੁਸਾਰ ਜੋ ਮਨੁੱਖ '੧ਓ....ਗੁਰ ਪ੍ਰਸਾਦਿ' ਰੂਪੀ ਨਾਮ ਨੂੰ ਸੰਭਾਲ ਲੈਂਦਾ ਹੈ ਉਹ ਮਨੁੱਖ ਪਰਮੇਸ਼ਰ ਦੀ ਨਦਰਿ ਨਾਲ ਨਿਹਾਲ ਹੋ ਜਾਂਦਾ ਹੈ ਅਤੇ ਨਾਮ-ਰਸ ਦੇ ਪ੍ਰੇਮ-ਪਿਆਲੇ ਨੂੰ ਮਾਣਦਾ ਹੈ। ਇਹ ਗੁਹਜ ਭੇਦ ਭਾਈ ਗੁਰਦਾਸ ਜੀ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿ ਨਾਮੁ ਕਰਤਾਰੁ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ।।੧੫।। ਵਾਰ ੩।।

ਇਸ ਉੱਪਰ ਦਿੱਤੀ ਪਉੜੀ ਵਿਚ ਪਰਮਾਤਮਾ ਦਾ ਸਰੂਪ ਬਿਆਨ ਕਰਨ ਲਈ ਜਿਸ ਗੁਰਸ਼ਬਦ ਨੂੰ ਭਾਈ ਗੁਰਦਾਸ ਜੀ ਨੇ ਆਧਾਰ ਬਣਾਇਆ ਹੈ ਉਹ '੧ਓ.....ਗੁਰ ਪ੍ਰਸਾਦਿ' ਹੈ ਜਿਸ ਨੂੰ ਮੂਲ ਮੰਤਰ ਜਾਂ ਸੰਪੂਰਨ ਮੰਗਲਾਚਰਣ ਦਾ ਨਾਮ ਦਿੱਤਾ ਜਾਂਦਾ ਹੈ।

ਭਾਈ ਗੁਰਦਾਸ ਜੀ ਦੀ ਵਾਰ ੩੯ ਦੀ ਪਹਿਲੀ ਪਉੜੀ ਵਿਚ ਮੁੱਖ ਵਿਸ਼ਾ ਪਰਮੇਸ਼ਰ ਦਾ ਸਰੂਪ ਬਿਆਨ ਕਰਨ ਦਾ ਹੈ। ਉਹਨਾਂ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਨੇ ਸੰਸਾਰ ਲਈ ਸਚੁ ਨਾਉ ਦਾ ਸਚ ਦਰਸਨ (ਮਤਿ) ਪ੍ਰਗਟ ਕੀਤਾ। ਜਿਸ ਪਰਮੇਸ਼ਰ ਦੇ ਸਚੁ ਨਾਉ ਦਾ ਸੰਕੇਤ ਭਾਈ ਗੁਰਦਾਸ ਜੀ ਇਸ ਪਉੜੀ ਵਿਚ ਕਰਦੇ ਹਨ ਉਸ ਦਾ ਸਰੂਪ ਉਹ '੧ਓ ਤੋਂ ਗੁਰ ਪ੍ਰਸਾਦਿ' ਤੱਕ ਅਤੇ ਫਿਰ 'ਆਦਿ ਸਚੁ...ਹੋਸੀ ਭੀ ਸਚੁ' ਤੱਕ ਦਾ ਭਾਵ ਰੂਪ ਵਿਚ ਬਿਆਨ ਕਰਦੇ ਹਨ। ਇਥੇ ਇਕ ਗੱਲ ਵਿਸ਼ੇਸ਼ ਰੂਪ ਵਿਚ ਨੋਟ ਕਰਨ ਵਾਲੀ ਹੈ ਕਿ ਭਾਈ ਗੁਰਦਾਸ ਜੀ ਇਸ ਪਉੜੀ ਦੀ ਚੌਥੀ ਤੁਕ ਵਿਚ '....ਗੁਰ ਪ੍ਰਸਾਦਿ' ਤੋਂ ਪਿਛੋਂ ਅਤੇ 'ਆਦਿ ਸਚੁ.....' ਤੋਂ ਪਹਿਲਾਂ 'ਸੁ' ਸ਼ਬਦ ਦੀ ਵਰਤੋਂ ਕਰਦੇ ਹਨ ਅਤੇ ਇਥੇ ਇਸ 'ਸੁ' ਦਾ ਅਰਥ 'ਉਹ' ਹੈ ਜੋ ਪਰਮੇਸ਼ਰ ਵਾਸਤੇ ਵਰਤਿਆ ਗਿਆ ਹੈ, ਜਿਸ ਦੇ ਸਰੂਪ ਦਾ ਕਥਨ ਹੋ ਰਿਹਾ ਹੈ:

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ।
ਸਤਿਨਾਮੁ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰੁ ਸਦਾਇਆ।
ਅਕਾਲ ਮੂਰਤਿ ਪਰਤਖਿ ਹੋਇ ਨਾਉ ਅਜੂਨੀ ਸੈਭੰ ਭਾਇਆ।
ਗੁਰ ਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ।
ਹੈ ਭੀ ਹੋਸੀ ਸਚੁ ਨਾਉ ਸਚੁ ਦਰਸਣੁ ਸਤਿਗੁਰੂ ਦਿਖਾਇਆ।
ਸਬਦੁ ਸੁਰਤਿ ਲਿਵ ਲੀਣੁ ਹੋਇ ਗੁਰ ਚੇਲਾ ਪਰਚਾ ਪਰਚਾਇਆ।
ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥ ੧॥

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਪਹਿਲਾਂ ਪਰਮੇਸ਼ਰ ਦਾ ਸਰੂਪ '੧ਓ.....ਗੁਰ ਪ੍ਰਸਾਦਿ' ਨਾਲ ਬਿਆਨ ਕੀਤਾ ਫਿਰ ਉਸ ਪਰਮੇਸੁਰ ਵਾਸਤੇ 'ਸੁ' ਸ਼ਬਦ ਵਰਤ ਕੇ ਉਸਦੀ ਹੋਰ ਵਿਆਖਿਆ 'ਆਦਿ ਸਚੁ....ਹੋਸੀ ਭੀ ਸਚੁ' ਨਾਲ ਕਰ ਦਿਤੀ। ਭਾਈ ਗੁਰਦਾਸ ਜੀ ਨੇ ਦੋ ਗੁਰ ਸ਼ਬਦ (੧) '੧ਓ.....ਗੁਰ ਪ੍ਰਸਾਦਿ' (੨) 'ਆਦਿ ਸਚੁ.....ਹੋਸੀ ਭੀ ਸਚੁ', ਲੈ ਕੇ ਪਰਮੇਸ਼ਰ ਦਾ ਸਰੂਪ ਬਿਆਨਿਆ ਹੈ।

ਸਿੱਖ ਜਗਤ ਵਿਚ ਕਈ ਗੁਰਸਿੱਖ ਅਜੇਹੇ ਵੀ ਹਨ ਜੋ ਮੂਲ ਮੰਤਰ ਦਾ ਸਰੂਪ '੧ਓ ਤੋਂ ਗੁਰ ਪ੍ਰਸਾਦਿ' ਤਕ ਨਹੀਂ ਮੰਨਦੇ। ਉਹ ਇਸ ਦਾ ਸਰੂਪ '੧ਓ ਤੋਂ ਹੋਸੀ ਭੀ ਸਚੁ' ਤਕ ਹੋਣਾ ਵਿਸ਼ਵਾਸ ਕਰਦੇ ਹਨ। ਅਜੇਹੇ ਗੁਰਸਿੱਖ ਆਪਣੇ ਵਿਸ਼ਵਾਸ ਦੀ ਪ੍ਰੋੜ੍ਹਤਾ ਲਈ ਭਾਈ ਗੁਰਦਾਸ ਜੀ ਦੀ ਇਸ ਪਉੜੀ (੩੯:੧) ਨੂੰ ਆਧਾਰ ਬਣਾਉਂਦੇ ਹਨ। ਉਹ ਮੂਲ ਮੰਤਰ ਦਾ ਸਰੂਪ ਇਸ ਤਰ੍ਹਾਂ ਦਾ ਬਣਾਉਣ ਦਾ ਯਤਨ ਕਰਦੇ ਹਨ:

*੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*
*॥ਜਪੁ॥*
*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥*

ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਭਾਈ ਗੁਰਦਾਸ ਜੀ ਨੇ ਪਉੜੀ (੩੯:੧) ਵਿਚ '੧ਓ.....ਗੁਰ ਪ੍ਰਸਾਦਿ' ਅਤੇ 'ਆਦਿ ਸਚੁ...ਹੋਸੀ ਭੀ ਸਚੁ' ਦੇ ਵਿਚਕਾਰ 'ਜਪੁ' ਸ਼ਬਦ ਨਹੀਂ ਲਿਖਿਆ। ਉਹਨਾਂ ਨੇ ਇਥੇ 'ਜਪੁ' ਦੀ ਥਾਂ 'ਸੁ' ਸ਼ਬਦ ਲਿਖਿਆ ਹੈ। ਇਥੇ ਇਹੋ ਹੀ ਇਕ ਵੱਡਾ ਫਰਕ ਹੈ, ਜਿਸ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦਾ ਕਾਰਨ ਹੈ। ਇਸ ਇਕੋ ਨੁਕਤੇ ਨੂੰ ਸਪੱਸ਼ਟ ਕਰਨ ਨਾਲ ਮੂਲ ਮੰਤਰ ਦੇ ਪ੍ਰਮਾਣਿਕ ਸਰੂਪ ਦੀ ਸਾਰੀ ਸਮੱਸਿਆ ਸੁਲਝ ਜਾਵੇਗੀ। 'ਜਪੁ' ਬਾਣੀ ਦਾ ਸਿਰਲੇਖ ਹੈ, ਇਹ ਪਰਮੇਸੁਰ ਦਾ ਵਿਸ਼ੇਸ਼ਣੀ ਨਾਮ ਨਹੀਂ ਹੈ। ਇਸ 'ਜਪੁ' ਸ਼ਬਦ ਦੀ ਵਰਤੋਂ ਨਾ ਕਰਨਾ ਅਤੇ 'ਸੁ' ਸ਼ਬਦ ਲਿਖਣਾ ਪੂਰਨ ਰੂਪ ਵਿਚ ਸਹੀ ਹੈ।

ਭਾਈ ਗੁਰਦਾਸ ਜੀ ਦੀ ਵਾਰ ੩੯ ਦੀ ਪਹਿਲੀ ਪਉੜੀ ਉਪਰ ਕਲਪਿਤ ਕੀਤੇ ਗਏ ਮੂਲ ਮੰਤਰ '੧ਓ.....।। ਜਪੁ।।....ਹੋਸੀ ਭੀ ਸਚੁ।।੧।।' ਦੀ ਪ੍ਰੋੜ੍ਹਤਾ ਨਹੀਂ ਕਰਦੀ। ਇਸ ਦੀ ਪ੍ਰੋੜ੍ਹਤਾ ਤਾਂ ਹੋਣੀ ਸੀ ਜ਼ੇਕਰ ਭਾਈ ਗੁਰਦਾਸ ਜੀ ੩੯:੧ ਪਉੜੀ ਵਿਚ 'ਸੁ' ਦੀ ਥਾਂ 'ਜਪੁ' ਦੀ ਵਰਤੋਂ ਕਰਦੇ। ਸੋ '੧ਓ......।।ਜਪੁ।।.....ਨਾਨਕ ਹੋਸੀ ਭੀ ਸਚੁ' ਦਾ ਜੋ ਸਰੂਪ ਹੈ ਉਹ ਪਉੜੀ ੩੯:੧ ਨਾਲ ਨਹੀਂ ਮਿਲਦਾ। ਇਹ ਮੂਲ ਮੰਤਰ ਵੀ ਨਹੀਂ ਬਣਦਾ। ਭਾਈ ਗੁਰਦਾਸ ਜੀ ਦੀ ਪਹਿਲੀ ਰਚਨਾ, ਵਾਰ ੩ ਦੀ ਪਉੜੀ ੧੫, ਦੇ ਆਧਾਰ 'ਤੇ ਵੀ ਮੂਲ ਮੰਤਰ ਦਾ ਸਰੂਪ '੧ਓ....ਗੁਰ ਪ੍ਰਸਾਦਿ' ਹੀ ਮੰਨਣਯੋਗ ਹੈ।

## ੨. ਮੰਗਲਾਚਰਣ-ਜਪੁ-ਸਲੋਕ

*੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।*

*।। ਜਪੁ।।*

*ਆਦਿ ਸਚੁ ਜੁਗਾਦਿ ਸਚੁ।।*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।੧।।*

ਇਹ ਉੱਪਰ ਲਿਖਿਆ ਹੋਇਆ ਗੁਰਸ਼ਬਦ ਜਪੁ ਬਾਣੀ ਦਾ ਮੁੱਢਲਾ ਭਾਗ ਹੈ। ਕਈ ਗੁਰਸਿੱਖ ਇਸ ਸ਼ਬਦ ਨੂੰ ਵੀ ਮੂਲ ਮੰਤਰ ਨਾਮ ਦੇਣਾ ਪਸੰਦ ਕਰਦੇ ਹਨ ਪਰ ਮੂਲ ਮੰਤਰ ਨਾਮ ਪਹਿਲਾਂ ਹੀ ਗੁਰਮਤਿ ਵਿਚਾਰਧਾਰਾ ਅਨੁਸਾਰ '੧ਓ....ਗੁਰ ਪ੍ਰਸਾਦਿ' ਨੂੰ ਦਿਤਾ ਹੋਇਆ ਮਿਲਦਾ ਹੈ। ਇਸ ਲਈ ਦੋਹਾਂ ਨੂੰ ਅਲੱਗ-ਅਲੱਗ ਸੰਕੇਤ ਕਰਨ ਲਈ ਇਕ ਨਵਾਂ ਨਾਮ ਰੱਖਣਾ ਪਵੇਗਾ। ਉਪਰ ਲਿਖੇ '੧ਓ ...।। ਜਪੁ।। ...ਹੋਸੀ ਭੀ ਸਚੁ।। ੧।।' ਸ਼ਬਦ ਨੂੰ ਦੱਸਣ ਤੇ ਬੁਲਾਉਣ ਲਈ ਇਸ ਦਾ ਨਾਮ ਮੰਗਲਾਚਰਣ-ਜਪੁ-ਸਲੋਕ ਰੱਖ ਲੈਣ ਨਾਲ ਮਨੋਰਥ ਪੂਰਾ ਹੋ ਸਕਦਾ ਹੈ ਕਿਉਂਕਿ ਇਹ ਨਾਮ ਇਸ ਦੀ ਬਣਤਰ ਨੂੰ ਪੂਰੀ ਤਰ੍ਹਾਂ ਚਿਤਰ ਕੇ ਪ੍ਰਗਟ ਕਰਦਾ ਹੈ। ਇਸ ਸ਼ਬਦ ਦਾ ਇਹ ਨਾਮ ਇਸ ਕਰਕੇ ਦਿਤਾ ਗਿਆ ਹੈ ਕਿਉਂਕਿ ਇਸ ਵਿਚ ਤਿੰਨ ਅਲੱਗ-ਅਲੱਗ ਵਿਸ਼ੇ ਜਾਂ ਮਦਾਂ, ੧. ਮੂਲ ਮੰਤਰ, ਮੰਗਲਾਚਰਣ ਰੂਪ, ੨. ਜਪੁ, ਬਾਣੀ ਦਾ ਨਾਮ, ੩. ਸਲੋਕ, ਆਦਿ ਸਚੁ... ਹੋਸੀ ਭੀ ਸਚੁ।। ੧।।' ਸ਼ਮਿਲਤ ਹਨ। ਇਸਦਾ ਭਾਈ ਗੁਰਦਾਸ ਦੀ ਵਾਰ ੩੯:੧ ਨਾਲ ਸੰਬੰਧ ਨਹੀਂ ਹੈ ਅਤੇ ਇਹ ਇਕ ਸਮੁੱਚੀ ਇਕਾਈ ਵੀ ਨਹੀਂ ਬਣਾਉਂਦਾ। ਹੁਣ ਅਸੀਂ ਇਸ ਮੰਗਲਾਚਰਣ-ਜਪੁ-ਸਲੋਕ ਦੇ ਵੱਖ-ਵੱਖ ਪੱਖਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਦੇ ਹਾਂ।

### ੨. ੧ ਮੰਗਲਾਚਰਣ ਰੂਪ ਵਿਚ ਮੂਲ ਮੰਤਰ:

'੧ਓ ਤੋਂ ਲੈ ਕੇ ਗੁਰਪ੍ਰਸਾਦਿ' ਤਕ ਦਾ ਜੋ ਗੁਰਵਾਕ ਇਥੇ ਲਿਖਿਆ ਹੋਇਆ ਹੈ ਉਹ ਜਪੁ ਬਾਣੀ ਦੇ ਸ਼ੁਰੂ ਵਿਚ ਮੰਗਲਾਚਰਣ ਦੇ ਰੂਪ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ

ਵਿਚ ਮੰਗਲਾਚਰਣ ਦੇ ਕਈ ਹੋਰ ਸੰਖੇਪ ਰੂਪ ਵੀ ਮਿਲਦੇ ਹਨ। ਇਹ ਸੰਪੂਰਨ ਮੰਗਲਾਚਰਣ ਮੂਲ ਮੰਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦਾ ਕਿਸੇ ਇਕ ਵਿਸ਼ੇਸ਼ ਬਾਣੀ ਜਾਂ ਸ਼ਬਦ ਨਾਲ ਸੰਬੰਧ ਨਹੀਂ ਹੈ। ਇਹ ਆਪਣੇ ਆਪ ਵਿਚ ਸੁਤੰਤਰ ਹੋਂਦ ਰੱਖਦਾ ਹੈ ਪਰ ਇਸਨੂੰ ਮੰਗਲ਼ਾਚਰਣ ਦੇ ਰੂਪ ਵਿਚ ਗੁਰਬਾਣੀ ਦੇ ਮੁੱਢ ਵਿੱਚ ਲਿਖ ਦਿੱਤਾ ਜਾਂਦਾ ਹੈ ਕਿਉਂਕਿ ਇਸ ਵਿਚ ਦਿਤੇ ਹੋਏ ਪ੍ਰਧਾਨ ਵਿਸ਼ੇ ਦੀ ਹੀ ਗੁਰਬਾਣੀ ਦੇ ਸ਼ਬਦਾਂ ਵਿਚ ਵਿਆਖਿਆ ਕੀਤੀ ਹੋਈ ਹੁੰਦੀ ਹੈ। ਮੌਜੂਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਮੂਲ ਮੰਤਰ ਮੰਗਲਾਚਰਣ (੧ਓ ਤੋਂ ਗੁਰ ਪ੍ਰਸਾਦਿ ਤਕ) ਦੇ ਰੂਪ ਵਿਚ ਕੇਵਲ ੩੩ ਵਾਰ ਆਇਆ ਹੈ :

| | | |
|---|---|---|
| ਰਾਗਾਂ ਦੇ ਸ਼ੁਰੂ ਵਿਚ | – | ੨੬ |
| ਰਾਗ ਆਸਾ ਵਾਰ ਮਹਲਾ ੧ | – | ੧ |
| ਰਾਗ ਆਸਾ, ਬਾਣੀ ਭਗਤ ਕਬੀਰ ਜੀ | – | ੧ |
| ਸਹਸਕ੍ਰਿਤੀ ਸਲੋਕ ਮ: ੧ | – | ੧ |
| ਸਹਸਕ੍ਰਿਤੀ ਸਲੋਕ ਮ: ੫ | – | ੧ |
| ਸਵਯੇ ਮ: ੫ | – | ੧ |
| ਸਲੋਕ ਵਾਰਾਂ ਤੇ ਵਧੀਕ | – | ੧ |
| ਜਪੁ ਬਾਣੀ ਤੋਂ ਪਹਿਲਾਂ | – | ੧ |
| ਮੂਲ ਮੰਤਰ ਮੰਗਲਾਚਰਣ ਦਾ ਜੋੜ | – | ੩੩ |

ਇਸ ਤਰ੍ਹਾਂ ਮੰਗਲਾਚਰਣ ਰੂਪ ਵਿਚ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਭਾਗ ਵਿਚ ੩੩ ਸਥਾਨਾਂ ਉੱਤੇ ਲਿਖਿਆ ਮਿਲਦਾ ਹੈ ਪਰ ਕਰਤਾਰਪੁਰ ਵਾਲੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ "ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾ ਕਾ" ਦੇ ਸ਼ੁਰੂ ਵਿਚ ਵੀ ਮੂਲ ਮੰਤਰ ਲਿਖਿਆ ਹੋਇਆ ਹੈ। ਮੂਲ ਮੰਤਰ ਦਾ ਮੰਗਲਾਚਰਣ ਦੇ ਰੂਪ ਵਿਚ ਇਸ ਤਰ੍ਹਾਂ ਵੱਖ-ਵੱਖ ਪ੍ਰਸੰਗਾਂ ਵਿਚ ਲਿਖਿਆ ਜਾਣਾ ਇਹ ਸੰਕੇਤ ਕਰਦਾ ਹੈ ਕਿ ਇਹ ਇਕ ਪੂਰਨ ਰਚਨਾ ਹੈ ਅਤੇ ਇਸਦੀ ਆਪਣੀ ਸੁਤੰਤਰ ਹੋਂਦ ਹੈ। ਇਸਨੂੰ ਸਭ ਤੋਂ ਪਹਿਲਾ ਸਥਾਨ ਦਿਤਾ ਜਾਂਦਾ ਹੈ ਅਤੇ ਫਿਰ ਹੋਰ ਰਚਨਾ ਜਾਂ ਨਵਾਂ ਵਿਸ਼ਾ ਸ਼ੁਰੂ ਕੀਤਾ ਜਾਂਦਾ ਹੈ।

## ੨.੨ ॥ ਜਪੁ॥

ਸ਼ਬਦ 'ਜਪੁ' ਇਥੇ ਬਾਣੀ ਦਾ ਸਿਰਲੇਖ ਹੈ, ਇਸੇ ਕਰਕੇ ਇਸ ਬਾਣੀ ਲਈ 'ਜਪੁ ਜੀ, 'ਜਪੁ ਬਾਣੀ', 'ਜਪੁ ਨੀਸਾਣੁ' ਆਦਿ ਨਾਂਵ ਵਰਤੇ ਜਾਂਦੇ ਹਨ। ਇਸ ਬਾਣੀ ਦਾ ਨਾਮ 'ਜਪੁ' ਹੋਣ ਦਾ ਪਤਾ ਸਾਨੂੰ ਸ੍ਰੀ ਆਦਿ ਗ੍ਰੰਥ ਸਾਹਿਬ (ਪੰਚਮ ਪਾਤਸ਼ਾਹ ਵੱਲੋਂ ਭਾਈ

ਗੁਰਦਾਸ ਜੀ ਤੋਂ ਤਿਆਰ ਕਰਵਾਇਆ, ਜੋ ਇਸ ਸਮੇਂ ਕਰਤਾਰਪੁਰ ਵਿਖੇ ਹੈ) ਤੇ ਤਤਕਰੇ ਵਿਚ ਦਿਤੀ ਸੂਚਨਾ 'ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖ਼ਤਾ ਕਾ ਨਕਲੁ' ਤੋਂ ਵੀ ਲੱਗਦਾ ਹੈ। ਜਿਵੇਂ ਸਿਰਲੇਖਾਂ ਵਾਲੀਆਂ ਅਨੇਕਾਂ ਹੋਰ ਬਾਣੀਆਂ 'ਸੋ ਦਰੁ', 'ਸੋ ਪੁਰਖੁ', 'ਸੋਹਿਲਾ' ਆਦਿ ਹਨ ਅਤੇ ਉਹਨਾਂ ਦੇ ਸਿਰਲੇਖ ਤਤਕਰੇ ਵਿਚ ਦਿਤੇ ਹੋਏ ਹਨ, ਉਵੇਂ ਹੀ 'ਜਪੁ' ਬਾਣੀ ਦਾ ਨਾਮ ਹੈ ਅਤੇ ਇਸਦਾ ਸਿਰਲੇਖ ਤਤਕਰੇ ਵਿਚ ਦਿਤਾ ਗਿਆ ਹੈ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਮਦਮੀ ਸਰੂਪ ਵਿਚ ਇਸ ਬਾਣੀ ਦੀ ਤਤਕਰੇ ਵਿਚ 'ਜਪੁ ਨੀਸਾਣੂ' ਪ੍ਰਤੀਕ ਦਿਤੀ ਹੋਈ ਮਿਲਦੀ ਹੈ। ਸੋ 'ਜਪੁ' ਸਿਰਲੇਖ ਹੈ ਜਪੁ ਬਾਣੀ ਦਾ।

ਜਨਮ ਸਾਖੀਆਂ ਵਿਚ ਵੀ ਇਸ ਬਾਣੀ ਦਾ ਨਾਮ 'ਜਪੁ' ਮਿਲਦਾ ਹੈ। ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ ਮਿਹਰਵਾਨ ਵਿਚ ਵੀ ਇਸਦਾ ਇਹੋ ਨਾਮ ਦੱਸਿਆ ਗਿਆ ਹੈ :

> ਇਹ ਜਪੁ ਕਰਤੇ ਪੁਰਖ ਕਾ ਸਚੁ ਨਾਨਕ ਕੀਆ ਬਖਾਨ॥
> ਜਗਤ ਉਧਾਰਨ ਕਾਰਨੇ ਧੁਰਹੁ ਹੋਯਾ ਫਰਮਾਨ॥

ਲੱਗਭਗ ਸਾਰੀਆਂ ਪ੍ਰਾਚੀਨ ਜਨਮਸਾਖੀਆਂ ਵਿਚ ਜਿਥੇ-ਜਿਥੇ ਵੀ 'ਜਪੁ' ਦੀ ਉਥਾਨਕਾ ਦਿਤੀ ਹੋਈ ਮਿਲਦੀ ਹੈ, ਉਥੇ ਇਸ ਬਾਣੀ ਦਾ ਨਾਮ ਜਪੁ ਲਿਖਿਆ ਹੈ। ਇਹ ਬਾਣੀ 'ਆਦਿ ਸਚੁ.....ਨਾਨਕ ਹੋਸੀ ਭੀ ਸਚੁ' ਲਿਖਕੇ ਸ਼ੁਰੂ ਕੀਤੀ ਹੋਈ ਮਿਲਦੀ ਹੈ। ਇਸ ਤੋਂ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਇਹ 'ਜਪੁ' ਬਾਣੀ ਦਾ ਸਿਰਲੇਖ ਹੀ ਹੈ।

ਗੁਰਬਾਣੀ ਵਿਚ 'ਜਪੁ' ਸ਼ਬਦ ਭਾਵੇਂ ਕ੍ਰਿਆ ਰੂਪ ਵਿਚ (ਜਪੋ ਦੇ ਅਰਥ ਵਿਚ) ਵਰਤਿਆ ਗਿਆ ਮਿਲਦਾ ਹੈ ਪਰ ਇਥੇ ਇਹ ਜਿਸ ਪ੍ਰਸੰਗ ਵਿਚ ਵਰਤਿਆ ਹੋਇਆ ਹੈ ਉਹ ਬਾਣੀ ਦੇ ਸਿਰਲੇਖ ਦਾ ਨਾਮ 'ਜਪੁ' ਦੱਸਣ ਵਾਸਤੇ ਹੈ। ਇਥੇ 'ਜਪੁ' ਨੂੰ ਦੋਹੀਂ ਪਾਸੀਂ ਦੋ ਦੋ ਡੰਡੀਆਂ ਲਗਾ ਕੇ ॥ ਜਪੁ ॥ ਲਿਖਿਆ ਹੋਇਆ ਹੈ। ਇਸ ॥ ਜਪੁ ॥ ਦਾ ਉੱਪਰ ਵਾਲੇ ਜਾਂ ਥੱਲੇ ਵਾਲੇ ਗੁਰਬਾਣੀ ਦੇ ਹਿੱਸੇ ਨਾਲ, ਇਸਦੇ 'ਜਪੋ' ਅਰਥ ਕਰਕੇ, ਸੰਬੰਧ ਜੋੜਿਆ ਜਾਣਾ ਉਚਿਤ ਨਹੀਂ ਹੈ। ਇਸ 'ਜਪੁ' ਨੂੰ ਪਰਮਾਤਮਾ ਦੀ ਵਿਸ਼ੇਸ਼ਤਾ ਦੱਸਣ ਲਈ ਨਾਮ ਦੇ ਰੂਪ ਵਿਚ ਵੀ ਨਹੀਂ ਲਿਆ ਜਾ ਸਕਦਾ ਕਿਉਂਕਿ ਇਥੇ ਇਹ ਕੇਵਲ ਤੇ ਕੇਵਲ ਬਾਣੀ ਦੇ ਸਿਰਲੇਖ ਵਾਸਤੇ ਵਰਤਿਆ ਗਿਆ ਹੈ। ਸਿਰਲੇਖ ਦੇ ਰੂਪ ਵਿਚ ਲਿਖਿਆ ਸ਼ਬਦ '॥ ਜਪੁ ॥' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਵਾਰ ਹੀ ਆਇਆ ਹੈ ਕਿਉਂਕਿ ਇਸ ਵਿਚ ਜਪੁ ਬਾਣੀ ਇਕੋ ਵਾਰ ਲਿਖੀ ਹੋਈ ਹੈ।

## ੨.੩ 'ਆਦਿ ਸਚੁ ... ਹੋਸੀ ਭੀ ਸਚੁ ॥੧॥

'ਆਦਿ ਸਚੁ ... ਹੋਸੀ ਭੀ ਸਚੁ ॥੧॥' ਇਹ ਇਕ ਸਲੋਕ ਹੈ ਜੋ ਜਪੁ ਬਾਣੀ ਦੇ ਸ਼ੁਰੂ ਵਿਚ ਰਖਿਆ ਗਿਆ ਹੈ। ਇਹ ਇਕ ਸੁਤੰਤਰ ਸਲੋਕ ਰੂਪੀ ਗੁਰਸ਼ਬਦ ਹੈ ਜੋ

ਕਾਵਿ ਰੂਪ ਵਿਚ ਹੈ। ਇਹ ਮਾਤ੍ਰਿਕ ਭੇਦ ਸਹਿਤ ਰਾਗ ਗਉੜੀ ਵਿਚ ਸੁਖਮਨੀ ਦੀ ੧੭ਵੀਂ ਅਸਟਪਦੀ ਦੇ ਆਦਿ ਵਿਚ ਵੀ ਆਉਂਦਾ ਹੈ।

'ਜਪੁ' ਬਾਣੀ ਦੀ ਬਣਤਰ ਵੇਖਿਆਂ ਇਹ ਉੱਪਰ ਲਿਖਿਆ ਨੁਕਤਾ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ। ਇਸ ਬਾਣੀ ਦੇ ਸ਼ੁਰੂ ਵਿਚ ਮੰਗਲਾਚਰਣ ਹੈ ਜੋ ੧ੴ ਤੋਂ ਗੁਰ ਪ੍ਰਸਾਦਿ ਤਕ ਹੈ। ਫਿਰ 'ਜਪੁ' ਹੈ ਜੋ ਜਪਣ ਲਈ ਰਚੀ ਇਸ ਰਚਨਾ ਦਾ ਨਾਂ ਹੈ। 'ਜਪੁ' ਬਾਣੀ ਵਿਚ ਅਠੱਤੀ ਪਉੜੀਆਂ ਅਤੇ ਦੋ ਸਲੋਕ ਹਨ। ਦੋ ਸਲੋਕਾਂ ਵਿਚੋਂ ਇਕ 'ਆਦਿ ਸਚੁ ... ਹੋਸੀ ਭੀ ਸਚੁ॥ ੧॥' ਪਉੜੀਆਂ ਸ਼ੁਰੂ ਹੋਣ ਤੋਂ ਪਹਿਲਾਂ ਮੁਢ ਵਿਚ ਹੈ। ਦੂਸਰਾ ਸਲੋਕ 'ਪਉਣ ਗੁਰੂ ... ਕੇਤੀ ਛੁਟੀ ਨਾਲਿ॥ ੧॥' ਪਉੜੀਆਂ ਪੂਰੀਆਂ ਹੋਣ ਪਿਛੋਂ ਅੰਤ ਵਿਚ ਲਿਖਿਆ ਹੈ। ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਚੀ ਦੂਜੀ, (ਪੋਥੀ ਹਰਿ ਜੀ) ਵਿਚ 'ਜਪੁ' ਬਾਣੀ ਨੂੰ ਤਰਤੀਬ ਦੇਣ ਸੰਬੰਧੀ ਵੇਰਵਾ ਵਿਸਥਾਰ ਸਹਿਤ ਮਿਲਦਾ ਹੈ। ਇਸ ਵਿਚ ਸਲੋਕ 'ਆਦਿ ਸਚੁ ... ਹੋਸੀ ਭੀ ਸਚੁ॥੧॥' ਨੂੰ ਜਪੁ ਦੇ ਮੁੱਢ ਵਿਚ ਰੱਖੇ ਜਾਣ ਦੀ ਸੂਚਨਾ ਮਿਲਦੀ ਹੈ :

> ਤਾਂ ਫਿਰਿ ਗੁਰੂ ਬਾਬੇ ਨਾਨਕ ਜੀ ਪਾਸਿ, ਸੇਵਕ ਅੰਗਦ ਬੇਨਤੀ ਕੀਤੀ, 'ਜਿ ਜੀ, ਭਲਾ ਹੋਇ। ਜਿ ਕਿਛੁ ਤੂ ਕਹਹਿ ਸੋਈ ਜਪੁ।' ਤਬ ਗੁਰੂ ਬਾਬਾ ਨਾਨਕੁ ਪਰਮੇਸ਼ਰ ਪਾਰਬ੍ਰਹਮ ਕੀ ਉਸਤਤਿ, ਸਿਫਤਿ ਸਲਾਹ ਕੀ ਕਾ, ਜਪੁ ਕੀਤਾ, ਸੰਸਾਰ ਪਾਪੀ ਨਿਸਤਾਰਨ ਕੇ ਤਾਈ। ਤਾਂ ਫਿਰਿ ਬਾਬਾ ਨਾਨਕ ਜੀ ਆਗਿਆ ਪਰਮੇਸਰੁ ਕੀ ਨਾਲਿ ਬੋਲਿਆ ਜਿ :
>
> ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥
>
> ਏਹੁ ਸਲੋਕੁ ਮੁਢੁ ਜਪ ਦਾ, ਗੁਰੂ ਬਾਬੇ ਨਾਨਕ ਜੀ ਰਖਿਆ।
>
> ਫਿਰਿ ਅੰਗਦ ਸਿਖ ਕਉ ਆਗਿਆ ਕੀਤੀਅਨੁ, ਜਿ ਪੁਰਖਾ! ਤੂ ਜਿ ਹੈ, ਸਿ ਹਵੈ ਹਾਂ। ਜਿਥੇ ਜਿਥੇ ਮੇਰੇ ਆਂਖਣ ਦੀਆਂ ਪਉੜੀਆਂ ਸਲੋਕ ਹੈਨਿ, ਸਿ ਤੂ, ਓਇ ਸਲੋਕ, ਸਬਦ ਲੈ ਕੇ ਸੋਦਰਹੁ ਸਭਿ, ਏਸੇ ਜਪ ਵਿਚਿ ਆਣਿ ਆਣਿ ਬਣਾਇ, ਅਤੈ ਮੈਨੂ ਸੁਣਾਇਦਾ ਜਾਹਿ।
>
> (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਚੀ ਦੂਜੀ; ਪੰਨਾ ੨੪੯-੫੦)

## ੨.੪ ਮੰਗਲਾਚਰਣ—ਜਪੁ-ਸਲੋਕ ਤੇ ਭਾਈ ਗੁਰਦਾਸ:

ਇਹ ਪਹਿਲਾਂ ਲਿਖਿਆ ਜਾ ਚੁਕਿਆ ਹੈ ਕਿ ਤਿੰਨ ਮਦਾਂ ਜਾਂ ਵਿਸ਼ਿਆਂ ਵਾਲਾ ਮੰਗਲਾਚਰਣ-ਜਪੁ-ਸਲੋਕ ਜਪੁ ਬਾਣੀ ਦਾ ਸ਼ੁਰੂ ਭਾਗ '੧ੴ ... ॥ਜਪੁ॥ ... ਹੋਸੀ ਭੀ ਸਚੁ॥ ੧॥' ਅਤੇ ਭਾਈ ਗੁਰਦਾਸ ਜੀ ਦੀ ਵਾਰ ੩੯ ਦੀ ਪਹਿਲੀ ਪਉੜੀ ਵਿਚ ਪਰਮੇਸੁਰ ਦੇ ਸਰੂਪ ਵਰਣਨ ਵਾਲੇ ਭਾਗ '੧ੴ ... ਸੁ ... ਹੈ ਭੀ ਹੋਸੀ' ਵਿਚ ਮੁੱਖ ਫਰਕ 'ਜਪੁ'-'ਸੁ' ਦਾ ਹੈ। ਭਾਈ ਗੁਰਦਾਸ ਜੀ ਪਰਮੇਸੁਰ ਦਾ ਸਰੂਪ ਵਰਣਨ ਕਰਨ ਲਈ

ਪਹਿਲਾਂ '੧ੴ ਤੋਂ ਗੁਰ ਪ੍ਰਸਾਦਿ' ਤਕ ਦੀ ਵਰਤੋਂ ਕਰਦੇ ਹਨ, ਫਿਰ ਉਸੇ ਪਰਮੇਸੁਰ ਬਾਰੇ 'ਸੁ' ਸ਼ਬਦ ਵਰਤ ਕੇ ਹੋਰ ਵਿਆਖਿਆ 'ਆਦਿ ਸਚੁ ... ਹੈ ਭੀ ਹੋਸੀ' ਨਾਲ ਕਰਦੇ ਹਨ। ਉਹ ਇਸ ਵਰਣਨ ਵਿਚ 'ਜਪੁ' ਸ਼ਬਦ ਦੀ ਵਰਤੋਂ ਨਹੀਂ ਕਰਦੇ। ਭਾਈ ਗੁਰਦਾਸ ਜੀ ਜਦੋਂ ਪਰਮੇਸੁਰ ਦਾ ਸਰੂਪ ਬਿਆਨ ਕਰਦੇ ਹਨ ਤਾਂ ਉਹ ਤਿੰਨਾਂ ਮਦਾਂ ਵਾਲਾ ਜਪੁਜੀ ਦਾ ਸ਼ੁਰੂ ਭਾਗ ਆਪਣੇ ਸਾਹਮਣੇ ਨਹੀਂ ਰੱਖ ਰਹੇ। ਜੇਕਰ ਉਨ੍ਹਾਂ ਨੇ ਤਿੰਨਾਂ ਮਦਾਂ ਵਾਲੇ ਜਪੁਜੀ ਦੇ ਸ਼ੁਰੂ ਭਾਗ ਦੀ ਵਿਆਖਿਆ ਕਰਨੀ ਹੁੰਦੀ ਤਾਂ ਉਹ 'ਸੁ' ਸ਼ਬਦ ਨਾ ਵਰਤਦੇ, ਇਸਦੀ ਥਾਂ 'ਜਪੁ' ਸ਼ਬਦ ਨੂੰ ਜ਼ਰੂਰ ਵਿਸਥਾਰਦੇ ਜੋ ਕਿ ਇਸਦਾ ਅਨਿੱਖੜਵਾਂ ਅੰਗ ਹੈ। ਸੋ ਭਾਈ ਗੁਰਦਾਸ ਜੀ ਦੀ ਵਾਰ ੩੯ ਦੀ ਪਹਿਲੀ ਪਉੜੀ ਤੋਂ ਇਸ ਤਿੰਨਾਂ ਮਦਾਂ ਵਾਲੇ '੧ੴ ... ॥ ਜਪੁ ॥ ... ਹੋਸੀ ਭੀ ਸਚੁ ॥ ੧ ॥' ਦੀ ਪ੍ਰੋੜਤਾ ਨਹੀਂ ਹੁੰਦੀ। ਭਾਈ ਗੁਰਦਾਸ ਜੀ ਇਸ ਪਉੜੀ ਵਿਚ ਪਰਮੇਸੁਰ ਦਾ ਸਰੂਪ '੧ੴ ... ਗੁਰ ਪ੍ਰਸਾਦਿ' ਰਾਹੀਂ ਅਤੇ ਫਿਰ 'ਆਦਿ ਸਚੁ ... ਹੋਸੀ ਭੀ ਸਚੁ' ਰਾਹੀਂ ਬਿਆਨ ਕਰ ਰਹੇ ਹਨ।

## ੨.੫ ਮੰਗਲਾਚਰਣ-ਜਪੁ-ਸਲੋਕ ਇਕਾਈ ਨਹੀਂ:

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ '੧ੴ ... ਗੁਰ ਪ੍ਰਸਾਦਿ' ਦੇ ਨਾਲ 'ਜਪੁ' ਤੇ 'ਆਦਿ ਸਚੁ ... ਹੋਸੀ ਭੀ ਸਚੁ ॥ ੧ ॥' ਜੋੜ ਕੇ ਇਸ ਨੂੰ ਇਕ ਯੂਨਿਟ ਜਾਂ ਇਕਾਈ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਇਹ ਤਿੰਨੇ ਵੱਖ-ਵੱਖ ਮਨੋਰਥਾਂ ਲਈ ਲਿਖੇ ਗਏ ਤਿੰਨ ਸੁਤੰਤਰ ਵਿਸ਼ੇ ਜਾਂ ਮਦਾਂ ਹਨ। ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਲਿਖੀ ਹੋਈ 'ਜਪੁ' ਬਾਣੀ ਵੇਖਣ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ ਜਪੁ ਦੇ ਸ਼ੁਰੂ ਭਾਗ ਦੀਆਂ ਇਹਨਾਂ ਤਿੰਨੇ ਮਦਾਂ ਨੂੰ ਇਕ ਦੂਸਰੇ ਤੋਂ ਅਲੱਗ ਕਰਕੇ, ਲਿਖਾਈ ਵਿਚ ਖਾਲੀ ਥਾਂ ਛੱਡ ਕੇ, ਲਿਖਵਾਈਆਂ ਸਨ। ਪਹਿਲੇ ਵਰਕੇ ਦੇ ਸ਼ੁਰੂ ਭਾਗ ਵਿਚ ਅੱਧੇ ਸਫੇ ਉਤੇ ਕੇਵਲ ਇਹ ਤਿੰਨੇ ਹੀ ਸੁਸ਼ੋਭਤ ਹਨ। ਸਭ ਤੋਂ ਪਹਿਲਾਂ ਉਪਰਲੇ ਭਾਗ ਦੇ ਕੇਂਦਰ ਵਿਚ '੧ੴ ... ਗੁਰ ਪ੍ਰਸਾਦਿ' ਹੈ। ਇਸ ਦੇ ਸੰਪੂਰਨ ਹੋਣ 'ਤੇ ਦੋ ਡੰਡੀਆਂ ਲੱਗੀਆਂ ਹੋਈਆਂ ਹਨ। ਅੱਗੇ ਥੋੜ੍ਹਾ ਜਿਹਾ ਥਾਂ ਦੇ ਕੇ 'ਜਪੁ' ਲਿਖਿਆ ਹੋਇਆ ਹੈ ਅਤੇ ਇਸ ਦੇ ਦੋਹੀਂ ਪਾਸੀਂ ਦੋ ਦੋ ਡੰਡੀਆਂ ਫਿਰ ਲਗਾ ਦਿਤੀਆਂ ਹਨ, ਇਹ ਦੱਸਣ ਲਈ ਕਿ 'ਜਪੁ' ਸ਼ਬਦ '੧ੴ ... ਗੁਰਪ੍ਰਸਾਦਿ' ਦੇ ਨਾਲ ਜੁੜਿਆ ਹੋਇਆ ਨਹੀਂ ਹੈ ਸਗੋਂ ਇਹ ਸੁਤੰਤਰ ਹੈ। ਇਸ ਦੇ ਨਾਲ ਜੋ ਥੋੜ੍ਹਾ ਜਿਹਾ ਥਾਂ ਬਚਿਆ ਉਸ ਵਿਚ ਫਿਰ ਦੋ ਵਾਰ ਦੋ ਦੋ ਡੰਡੀਆਂ ਲਗਾ ਦਿਤੀਆਂ। ਇਸ ਤੋਂ ਅੱਗੇ ਦੋ ਲਾਈਨਾਂ ਦੀ ਥਾਂ ਖਾਲੀ ਛੱਡ ਦਿਤੀ। ਫਿਰ 'ਆਦਿ ਸਚੁ ... ਹੋਸੀ ਭੀ ਸਚੁ ॥ ੧ ॥' ਇਕੋ ਲਾਈਨ ਵਿਚ ਦੋ ਭਾਗਾਂ ਵਿਚ ਵੰਡ ਕੇ ਲਿਖ ਦਿਤਾ। ਇਸ ਤੋਂ ਬਾਅਦ ਦੋ ਲਾਈਨਾਂ ਦੀ ਥਾਂ ਖਾਲੀ ਛੱਡ ਕੇ ਜਪੁ ਬਾਣੀ ਦੀ ਪਹਿਲੀ ਪਉੜੀ 'ਸੋਚੈ ਸੋਚਿ ਨਾ ਹੋਵਈ ... ' ਲਿਖਣੀ ਸ਼ੁਰੂ ਕੀਤੀ। 'ਆਦਿ ਸਚੁ ... ਹੋਸੀ ਭੀ ਸਚੁ ॥ ੧ ॥' ਦੇ ਦੋਹੀਂ ਪਾਸੀਂ ਉੱਪਰ ਤੇ ਥੱਲੇ ਦੋ ਦੋ ਲਾਈਨਾਂ ਦੀ ਖਾਲੀ ਥਾਂ ਛੱਡਣਾ ਇਸ ਨੂੰ ਵੱਖਰਾ ਤੇ ਨਿਵੇਕਲਾ ਕਰਨ ਲਈ ਸੰਕੇਤ ਜਾਪਦਾ ਹੈ। ਸ੍ਰੀ

ਆਦਿ ਗ੍ਰੰਥ ਸਾਹਿਬ ਦੇ ਕਈ ਪੁਰਾਤਨ ਲਿਖਾਰੀਆਂ ਵੱਲੋਂ ਵੀ 'ਜਪੁ' ਦਾ ਸ਼ੁਰੂ ਵਾਲਾ ਹਿੱਸਾ 'ਮੰਗਲਾਚਰਣ-ਜਪੁ-ਸਲੋਕ' ਲਗਭਗ ਇਸੇ ਢੰਗ ਨਾਲ ਹੀ ਲਿਖਿਆ ਗਿਆ ਮਿਲਦਾ ਹੈ। ਭਾਈ ਗੁਰਦਾਸ ਜੀ ਦੇ ਇਸ ਤਰ੍ਹਾਂ ਲਿਖਣ ਢੰਗ ਤੋਂ ਵੀ ਇਹ ਤਿੰਨੇ ਮਦਾਂ ਇਕ ਇਕਾਈ ਨਹੀਂ ਬਣਾਉਂਦੀਆਂ। ਸੋ ਮੰਗਲਾਚਰਣ-ਜਪੁ-ਸਲੋਕ ਦੀਆਂ ਤਿੰਨ ਵੱਖ-ਵੱਖ ਮਦਾਂ ਨੂੰ ਸਮਝ ਕੇ ਇਸ ਨੂੰ ਮੂਲ ਮੰਤਰ ਕਹਿਣਾ ਭਾਰੀ ਭੁੱਲ ਹੈ।

ਇਸ ਨੁਕਤੇ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ ਕਿ '੧ਓ ... ॥ ਜਪੁ॥ ... ਹੋਸੀ ਭੀ ਸਚੁ॥' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰ ਬਾਰ ਦੁਹਰਾਇਆ ਨਹੀਂ ਗਿਆ। ਜੇਕਰ ਇਹ ਮੂਲ ਮੰਤਰ ਹੁੰਦਾ ਤਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਗੁਰੂ ਸਾਹਿਬਾਂ ਵੱਲੋਂ ਵੀ ਕਈ ਵਾਰ ਲਿਖਿਆ ਜਾਣਾ ਸੀ ਪਰ ਅਜੇਹਾ ਨਹੀਂ ਹੋਇਆ ਇਹ ਮੰਗਲਾਚਰਣ-ਜਪੁ-ਸਲੋਕ ਕੇਵਲ ਉਥੇ ਹੀ ਲਿਖਿਆ ਗਿਆ ਜਿਥੇ ਜਪੁ ਬਾਣੀ ਹੈ ਕਿਉਂਕਿ ਇਹ ਕੋਈ ਸੁਤੰਤਰ ਰਚਨਾ ਨਹੀਂ ਹੈ, ਇਹ ਜਪੁ ਬਾਣੀ ਦਾ ਸ਼ੁਰੂ ਵਾਲਾ ਹਿੱਸਾ ਹੈ। ਇਸ ਦੇ ਮੂਲ ਮੰਤਰ ਹੋਣ ਦੀ ਜਾਣਕਾਰੀ ਬਾਰੇ ਲਿਖਤੀ ਵੇਰਵਾ ਸਿੱਖ ਸਾਹਿਤ, ਜਨਮਸਾਖੀਆਂ ਤੇ ਇਤਿਹਾਸ, ਵਿਚੋਂ ਕਿਤੋਂ ਵੀ ਨਹੀਂ ਮਿਲਦਾ। ਕਈ ਪੁਰਾਤਨ ਹੱਥ-ਲਿਖਤਾਂ ਵਿਚ ਜਦੋਂ ਸਾਨੂੰ 'ਜਪੁ' ਬਾਣੀ ਲਿਖੀ ਹੋਈ ਮਿਲਦੀ ਹੈ ਤਾਂ ਉਹ 'ਜਪੁ' ਤੋਂ ਸ਼ੁਰੂ ਹੁੰਦੀ ਹੈ ਅਤੇ 'ਆਦਿ ਸਚੁ ... ਹੋਸੀ ਭੀ ਸਚੁ' ਉਸ ਵਿਚ ਸ਼ੁਰੂ ਦਾ ਸਲੋਕ ਹੁੰਦਾ ਹੈ। 'ਜਪੁ' ਦੇ ਉਪਰ '੧ਓ ... ਗੁਰਪ੍ਰਸਾਦਿ' ਮੂਲ ਮੰਤਰ ਰੂਪੀ ਮੰਗਲਾਚਰਣ ਬਹੁਤ ਥਾਵਾਂ ਉੱਤੇ ਲਿਖਿਆ ਹੋਇਆ ਨਹੀਂ ਵੀ ਹੁੰਦਾ। ਜੇਕਰ '੧ਓ ...॥ ਜਪੁ॥ ... ਹੋਸੀ ਭੀ ਸਚੁ॥ ੧॥' ਇਕ ਅਟੁੱਟ ਤੇ ਅਨਿਖੱੜਵੀਂ ਸਮੁੱਚੀ ਇਕਾਈ ਹੁੰਦਾ ਤਾਂ ਇਹ ਇਸ ਤਰ੍ਹਾਂ ਅਲੱਗ-ਅਲੱਗ ਕਰਕੇ ਲਿਖਿਆ ਹੋਇਆ ਨਹੀਂ ਹੋਣਾ ਚਾਹੀਦਾ ਸੀ।

ਮੰਗਲਾਚਰਣ-ਜਪੁ-ਸਲੋਕ ਦੇ ਅੰਤ ਵਿਚ ਅੰਕ ਏਕਾ '॥ ੧॥' ਲੱਗਿਆ ਹੋਇਆ ਹੈ। ਇਹ ਮੰਗਲਾਚਰਣ-ਜਪੁ-ਸਲੋਕ ਦੀ ਇਕਾਈ ਦੱਸਣ ਵਾਸਤੇ ਨਹੀਂ ਹੈ। ਇਹ ਏਕਾ ਅੰਕ ਸਲੋਕ 'ਆਦਿ ਸਚੁ ... ਨਾਨਕ ਹੋਸੀ ਭੀ ਸਚੁ॥ ੧॥' ਦਾ ਅੰਕ ਹੈ। ਇਸ ਏਕੇ ਦਾ ਸੰਬੰਧ ਇਥੇ ਕੇਵਲ ਸਲੋਕ ਨਾਲ ਹੀ ਹੈ। ਇਹ ਇਥੇ ਉਸੇ ਤਰ੍ਹਾਂ ਹੈ ਜਿਵੇਂ 'ਜਪੁ' ਬਾਣੀ ਦੇ ਅੰਤ ਵਿਚ ਸਲੋਕ 'ਪਵਣ ਗੁਰੂ... ਕੇਤੀ ਛੁਟੀ ਨਾਲਿ' ਦੇ ਅੰਤ ਵਿਚ '॥੧॥' ਹੈ। ਇਹ ਤਰੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਬਾਣੀਆਂ ਵਿਚ ਵੀ ਵਰਤਿਆ ਗਿਆ ਹੈ ਜਿਵੇਂ ਕਿ ਗਉੜੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੀ 'ਬਾਵਨ ਅਖਰੀ' ਬਾਣੀ ਦੇ ਸ਼ੁਰੂ ਅਤੇ ਅੰਤ ਵਿਚ ਇਕ ਸਲੋਕ ਦੁਹਰਾਇਆ ਗਿਆ ਹੈ ਅਤੇ ਦੋਹੀਂ ਥਾਂਈ ਇਸਦੇ ਪਿੱਛੇ ਅੰਕ 'ਏਕਾ' ਲਗਾਇਆ ਗਿਆ ਹੈ।

(ਦੇਖੋ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੦ ਤੇ ੨੬੨)

ਕਈ ਗੁਰਸਿੱਖ ਇਹ ਧਾਰਨਾ ਬਨਾਉਣ ਦੀ ਵੀ ਕੋਸ਼ਿਸ਼ ਕਰਦੇ ਹਨ ਕਿ ਮੂਲ ਮੰਤਰ ਤਾਂ ੧ਓ ਤੋਂ ਗੁਰ ਪ੍ਰਸਾਦਿ ਤਕ ਹੀ ਹੈ ਪਰ '੧ਓ ... ॥ ਜਪੁ॥ ... ਨਾਨਕ ਹੋਸੀ

ਭੀ ਸਚੁ ।।' ਇਕ 'ਮਹਾਂ ਮੰਤਰ' ਹੈ। ਭਾਵ ਇਹ ਕਿ ਮੰਗਲਾਚਰਣ-ਜਪੁ-ਸਲੋਕ ਨੂੰ ਹੁਣ ਨਵਾਂ ਨਾਮ 'ਮਹਾਂ ਮੰਤਰ' ਦਿਤਾ ਜਾਣ ਲੱਗ ਪਿਆ ਹੈ। ਇਸ ਨਵੇਂ ਨਾਮ ਪਿੱਛੇ ਮੂਲ ਮੰਤਰ ਦੀ ਤੁਲਨਾ ਵਿਚ ਅਣਬਣਦੇ 'ਮਹਾਂ ਮੰਤਰ' ਨੂੰ ਵਡਿਆਉਣ ਦੀ ਭਾਵਨਾ ਛੁਪੀ ਹੋਈ ਜਾਪਦੀ ਹੈ। ਜਿਵੇਂ ਅਸੀਂ ਉੱਪਰ ਵਿਚਾਰ ਕਰ ਚੁਕੇ ਹਾਂ ਕਿ ਇਹ 'ਮੰਗਲਾਚਰਣ-ਜਪੁ-ਸਲੋਕ' ਜਪੁ ਬਾਣੀ ਦਾ ਸ਼ੁਰੂ ਵਾਲਾ ਹਿੱਸਾ ਹੈ। ਇਸ ਵਿਚ ਤਿੰਨ ਅਲੱਗ-ਅਲੱਗ ਮਦਾਂ ਜਾਂ ਵਿਸ਼ੇ ਹਨ, ਜਿਹਨਾਂ ਵਿਚ ਆਪਸੀ ਇਕਸਾਰਤਾ ਨਹੀਂ ਹੈ। ਇਹਨਾਂ ਤਿੰਨਾਂ ਮਦਾਂ ਦੇ ਸਮੁੱਚ ਜਾਂ ਇਕੱਠ ਨੂੰ ਮੰਤਰ, ਮੂਲ ਮੰਤਰ, ਮਹਾਂ ਮੰਤਰ ਵਿਚੋਂ ਕੋਈ ਵੀ ਨਾਮ ਦਿਤਾ ਨਹੀਂ ਜਾ ਸਕਦਾ।

## ੨.੬ ਜਪੁ ਨੀਸਾਣੂ ਤੇ ਮੰਗਲਾਚਰਣ—ਜਪੁ-ਸਲੋਕ ਲਿਖਣ ਦੀ ਪ੍ਰਥਾ:

ਸਾਡੇ ਸਾਹਮਣੇ ਮੁੱਖ ਪ੍ਰਸ਼ਨ ਇਹ ਹੈ ਕਿ 'ਮੰਗਲਾਚਰਣ-ਜਪੁ-ਸਲੋਕ' ਦੇ ਲਿਖਣ ਦੀ ਪ੍ਰਥਾ ਕਿਉਂ ਤੇ ਕਦੋਂ ਸ਼ੁਰੂ ਹੋਈ? ਇਸ ਪ੍ਰਸ਼ਨ ਦਾ ਸਬੰਧ ਜਪੁ ਬਾਣੀ ਨਾਲ ਜੁੜਿਆ ਹੋਇਆ ਹੈ ਅਤੇ ਇਸਦਾ ਉੱਤਰ ਵੀ ਇਸੇ ਨਾਲ ਸੰਬੰਧਤ ਹੈ। ਗੁਰਮਤਿ ਵਿਚ ਜਪੁ ਨੂੰ ਗੁਰੂ ਦਾ ਨੀਸਾਣੂ ਮੰਨ ਕੇ ਇਸ ਨੂੰ ਸਰਵ-ਪ੍ਰਥਮ ਤੇ ਸਰਵ-ਉੱਚ ਪਦਵੀ, ਸਥਾਨ ਦਿਤਾ ਗਿਆ। ਜਪੁ ਨੂੰ ਨੀਸਾਣੂ ਮੰਨਣ ਦੀ ਪ੍ਰੰਪਰਕ ਵਿਚਾਰਧਾਰਾ ਸੰਬੰਧੀ ਸੰਨ ੧੭੦੧ ਵਿਚ 'ਪੋਥੀ ਹਰਿ ਜੀ' ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨਾਲ ਇਹ ਵਚਨ ਕੀਤੇ:

ਪੁਰਖਾ ਬਿਨਾ ਜਪੁ ਜਪੇ ਤੇ, ਮੈ ਪਾਸਿ ਆਵਣਾ ਨਾ ਮਿਲਸੀਓ। ਦਰਗਹ ਪਰਮੇਸੁਰ ਕੀ ਮਹਿ, ਜਿਸੁ ਪਾਸਿ ਮੇਰਾ ਜਪੁ ਨੀਸਾਨੁ ਹੋਵੇਗਾ, ਸੁ ਮੈ ਪਾਸਿ ਆਵੇਗਾ, ਉਸਿ ਪੜਿਐ ਕਰਿ ਕਰਿ। ਜੁ ਜੀਉ ਪੜੈਗਾ, ਸੁ ਮੁਕਤਾ ਹੋਇਗਾ।

(ਪੋਥੀ ਹਰਿ ਜੀ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੰਚੀ ਦੂਜੀ), ਪੰਨਾ ੨੪੯)

ਜਪੁ ਬਾਣੀ ਦੀ ਇਸ ਮਹਾਨਤਾ ਕਰਕੇ ਗੁਰਸਿੱਖਾਂ ਨੇ ਸੰਪੂਰਨ ਜਪੁ ਬਾਣੀ ਨੂੰ ਜਾਂ ਸੰਖੇਪ ਰੂਪ ਵਿਚ ਜਪੁ ਦੇ ਸ਼ੁਰੂ ਭਾਗ '੧ਓ ...।। ਜਪੁ।। ... ਨਾਨਕ ਹੋਸੀ ਭੀ ਸਚੁ।। ੧।।' ਨੂੰ ਗੁਰੂ ਦਾ ਸਤਿਕਾਰਤ ਨੀਸਾਣੂ ਜਾਣਕੇ ਲਿਖਕੇ ਪਾਸ ਰੱਖਣਾ ਸ਼ੁਰੂ ਕਰ ਦਿਤਾ। '੧ਓ ...।। ਜਪੁ।। ... ਹੋਸੀ ਭੀ ਸਚੁ।।' ਲਿਖਣ ਦੀ ਰੀਤ ਦੇ ਉਦਾਹਰਣ ਭਾਵੇਂ ਸਾਨੂੰ ਬਹੁਤ ਜ਼ਿਆਦਾ ਨਹੀਂ ਮਿਲਦੇ ਪਰ ਫਿਰ ਵੀ ਅਠਾਰਵੀਂ ਈਸਵੀ ਸਦੀ ਦੇ ਪਿਛਲੇ ਅੱਧ ਤੋਂ ਕਿਤੇ ਕਿਤੇ ਲਿਖੇ ਹੋਏ ਮਿਲਣੇ ਸ਼ੁਰੂ ਹੋ ਜਾਂਦੇ ਹਨ। ਇਕ ਛੋਟਾ ਜਿਹਾ ਲੋਹੇ ਦਾ ਚੱਕਰ, ਜਿਸ ਦਾ ਸੰਬੰਧ ਬਾਬਾ ਦੀਪ ਸਿੰਘ ਜੀ ਸ਼ਹੀਦ ਨਾਲ ਵਿਸ਼ਵਾਸ ਕੀਤਾ ਜਾਂਦਾ ਹੈ, ਉਸ ਉੱਪਰ ਬਿਨਾਂ ਕਿਸੇ ਸਿਰਲੇਖ ਦੇ '੧ਓ ... ਹੋਸੀ ਭੀ ਸਚੁ' ਲਿਖਿਆ ਹੋਇਆ ਸੀ। ਹੁਣ ਇਹ ਚੱਕਰ ਸਾਰੇ ਦਾ ਸਾਰਾ ਨੀਲਾ-ਤਾਰਾ ਹਮਲੇ ਕਾਰਨ ਪੂਰੀ ਤਰ੍ਹਾਂ ਝੁਲਸਿਆ ਹੋਇਆ ਹੈ। ਇਸ ਉਤੇ ਮੂਲ ਮੰਤਰ ਨਾਮ ਦਾ ਕੋਈ ਸੰਕੇਤ ਨਹੀਂ ਹੈ। ਇਸ ਉਤੇ ਜੋ

ਲਿਖਿਆ ਗਿਆ ਹੈ. ਉਸ ਦੇ ਲਿਖਣ ਦੇ ਮਨੋਰਥ ਬਾਰੇ ਸਿੱਖ ਇਤਿਹਾਸ ਵਿਚ ਕੋਈ ਵੇਰਵਾ ਨਹੀਂ ਮਿਲਦਾ। ਇਸਦੇ ਲਿਖਣ ਦਾ ਇਕੋ ਇਕ ਕਾਰਨ ਜਪੁ ਨੂੰ ਗੁਰੂ ਦਾ ਨੀਸਾਣੁ ਮੰਨ ਕੇ ਉਹਨਾਂ ਦੀ ਯਾਦ ਨੂੰ ਹਰ ਸਮੇਂ ਪਾਸ ਰੱਖਣਾ ਹੀ ਹੋ ਸਕਦਾ ਹੈ।

ਸ੍ਰੀ (ਗੁਰੂ) ਗ੍ਰੰਥ ਸਾਹਿਬ ਦੇ ਪੁਰਾਤਨ ਸਰੂਪਾਂ ਵਿਚ ਜਪੁ ਬਾਣੀ ਦਾ ਤਤਕਰੇ ਵਿਚ ਸਿਰਲੇਖ ਆਮ ਕਰਕੇ 'ਜਪੁ ਗੁਰੂ ਰਾਮਦਾਸ ਜੀਉ ਕੀਆ ਦਸਖ਼ਤਾ ਕਾ ਨਕਲੁ...' ਜਾਂ ਕੇਵਲ 'ਜਪੁ' ਲਿਖਿਆ ਜਾਂਦਾ ਸੀ। ਫਿਰ ਉਨ੍ਹੀਵੀਂ ਸਦੀ ਈਸਵੀ ਦੇ ਪਹਿਲੇ ਅੱਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ ਜਪੁ ਬਾਣੀ ਦਾ ਸਿਰਲੇਖ 'ਜਪੁ ਨੀਸਾਣੁ' ਲਿਖਣਾ ਸ਼ੁਰੂ ਹੋ ਗਿਆ ਸੀ। 'ਜਪੁ ਨੀਸਾਣੁ' ਸਿਰਲੇਖ ਲਿਖਣ ਦੀ ਇਹ ਪ੍ਰਥਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਰਾਜ ਵਿਚ ਸ਼ੁਰੂ ਹੋਈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਦਾ ਪ੍ਰਮੁੱਖ ਤੇ ਸਭ ਤੋਂ ਉੱਚਾ ਨੀਸਾਣੁ ਇਸ ਜਪੁ ਦਾ ਝੂਲਾ ਦਿਤਾ ਗਿਆ। ਇਸ ਤਰ੍ਹਾਂ 'ਜਪੁ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਤੀਨਿਧ ਬਾਣੀ ਦੇ ਰੂਪ ਵਿਚ ਸਤਿਕਾਰੀ ਗਈ। ਉਸ ਸਮੇਂ ਇਹ ਵਿਸ਼ਵਾਸ ਵੀ ਪ੍ਰਚਲਤ ਹੋ ਗਿਆ ਸੀ ਕਿ 'ਜਪੁ' ਸ਼ਬਦ ਕੇਵਲ 'ਜਪੁ' ਬਾਣੀ ਵਾਸਤੇ ਹੀ ਨਹੀਂ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਗੁਰਬਾਣੀ ਲਈ ਵਰਤਿਆ ਗਿਆ ਹੈ। 'ਜਪੁ' ਬਾਣੀ ਬਾਰੇ ਇਹ ਵਿਸ਼ਵਾਸ ਉਸ ਸਮੇਂ ਭਾਈ ਸੰਤੋਖ ਸਿੰਘ ਜੀ ਨੇ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਪ੍ਰਗਟ ਕੀਤਾ ਹੈ :

ਪ੍ਰਿਥਮੇ 'ਜਪੁ' ਸ਼ਬਦ ਗੁਰ ਰਾਖਯੋ।
ਸਭ ਗੁਰੁ ਬਾਣੀ ਹਿਤੁ ਯਹਿ ਭਾਖਯੋ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸੇਵਾ ਕਰਵਾਈ ਤਾਂ ਇਸ ਸੰਬੰਧੀ ਇਕ ਯਾਦਗਾਰੀ ਸੋਨ ਪੱਤਰ ਦਰਬਾਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਉਤੇ ਲਗਾਇਆ ਗਿਆ। ਇਸ ਪਹਿਲਾਂ ਜਪੁ ਨੀਸਾਣੁ ਦਾ '੧ਓ ...॥ ਜਪੁ॥ ... ਨਾਨਕ ਹੋਸੀ ਭੀ ਸਚੁ॥' ਲਿਖਿਆ ਗਿਆ। ਫਿਰ ਇਸ ਕਰਵਾਈ ਗਈ ਸੇਵਾ ਬਾਰੇ ਦੱਸ ਕੇ ਅੰਤ ਵਿਚ ਸੰਮਤ ੧੮੮੭ ਦਿਤਾ ਹੋਇਆ ਹੈ। ਇਸ ਇਤਿਹਾਸਕ ਲਿਖਤ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਬਾਣੀ 'ਜਪੁ' ਨੂੰ ਸਤਿਕਾਰ ਸਹਿਤ ਨੀਸਾਣੁ ਦੇ ਰੂਪ ਵਿਚ ਲਿਖੇ ਜਾਣ ਦਾ ਰਿਵਾਜ਼ ਗੁਰਸਿੱਖਾਂ ਵਿਚ ਪੂਰੀ ਤਰ੍ਹਾਂ ਚੱਲ ਪਿਆ ਸੀ। ਇਹ ਜਪੁ ਦੀ ਮਹਾਨਤਾ ਨੂੰ ਦਰਸਾਉਣ ਲਈ ਅਤੇ ਗੁਰੂ ਦਾ ਨੀਸਾਣੁ ਸਮਝ ਕੇ ਲਿਖਿਆ ਜਾਂਦਾ ਸੀ।

ਮੂਲ ਮੰਤਰ '੧ਓ ... ਗੁਰਪ੍ਰਸਾਦਿ' ਨੂੰ ਵੀ ਬਰਾਬਰ ਨਾਲ ਨਾਲ ਲਿਖਣਾ ਉਸ ਸਮੇਂ ਪ੍ਰਚਲਤ ਸੀ। ਦਰਸ਼ਨੀ ਦਰਵਾਜ਼ੇ ਦੇ ਖੱਬੇ ਪਾਸੇ ਦੀ ਬਾਹੀ ਵੱਲ ਸ੍ਰੀ ਦਰਬਾਰ ਸਾਹਿਬ ਦਾ ਦੂਸਰਾ ਦਰਵਾਜ਼ਾ ਹੈ। ਉਸ ਉਪਰ ਲੱਗਿਆ ਸ਼ਿਲਾਲੇਖ ਸੰਮਤ ੧੮੯੬ ਦਾ ਹੈ ਅਤੇ ਇਸ ਦਾ ਸੰਬੰਧ ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਵੱਲੋਂ

ਕਰਵਾਈ ਗਈ ਸੇਵਾ ਨਾਲ ਹੈ। ਇਸ ਉਤੇ ਕੇਵਲ '੧ਓ ... ਗੁਰ ਪ੍ਰਸਾਦਿ' ਮੂਲਮੰਤਰ ਹੀ ਹੈ।

ਇਵੇਂ ਹੀ ਬਾਕੂ (ਰੂਸ) ਦੇ ਇਕ ਪ੍ਰਾਚੀਨ ਮੰਦਰ ਦੀਆਂ ਕੰਧਾਂ ਉਤੇ ਲਿਖਤ ਨੂੰ ਇਕ ਥਾਂ ਮੂਲ ਮੰਤਰ '੧ਓ ... ਗੁਰ ਪ੍ਰਸਾਦਿ' ਲਿਖਕੇ ਸ਼ੁਰੂ ਕੀਤਾ ਹੈ ਅਤੇ ਦੂਸਰੀ ਥਾਂ ਪਹਿਲਾਂ 'ਜਪੁ' ਬਾਣੀ ਦਾ ਸ਼ੁਰੂ ਵਾਲਾ ਹਿੱਸਾ '੧ਓ ...।। ਜਪੁ।। ... ਹੋਸੀ ਭੀ ਸਚੁ।।' ਲਿਖਿਆ ਹੋਇਆ ਹੈਂ। ਇਸ ਲਿਖਤ ਦੀ ਫੋਟੋ ਕਾਪੀ 'ਗੁਰੂ ਨਾਨਕ ਦਾ ਸ਼ਾਹਕਾਰ ਜਪੁ ਜੀ' (ਪ੍ਰਕਾਸ਼ਕ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਵਿਚ ਪੰਨਾ ੨੦੪-੦੫ ਉਤੇ ਦਿੱਤੀ ਹੋਈ ਹੈ। ਇਹਨਾਂ ਦੋਹਾਂ ਉਦਾਹਰਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਮੂਲ ਮੰਤਰ '੧ਓ ... ਗੁਰ ਪ੍ਰਸਾਦਿ' ਦੇ ਨਾਲ ਨਾਲ ਮੰਗਲਾਚਰਣ-ਜਪੁ-ਸਲੋਕ ਵੀ ਅਠ੍ਹਾਰਵੀਂ ਤੇ ਉਨ੍ਹੀਵੀਂ ਸਦੀ ਵਿਚ ਲਿਖਿਆ ਜਾਣਾ ਪ੍ਰਚਲਤ ਹੋ ਗਿਆ ਸੀ। ਇਸ ਤਰ੍ਹਾਂ ਦੇ ਹੋਰ ਉਦਾਹਰਣ ਵੀ ਮਿਲਦੇ ਹਨ। ਇਸ ਤੋਂ ਇਕ ਗੱਲ ਤਾਂ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਮੰਗਲਾਚਰਣ-ਜਪੁ-ਸਲੋਕ ਲਿਖਣ ਦੀ ਪ੍ਰਥਾ ਜਪੁ ਬਾਣੀ ਨੂੰ ਗੁਰੂ ਦਾ ਨੀਸਾਣ ਮੰਨ ਕੇ ਸ਼ੁਰੂ ਹੋਈ ਸੀ ਨਾ ਕਿ ਇਸਨੂੰ ਮੂਲ ਮੰਤਰ ਸਮਝ ਕੇ। ਇਹ ਮੂਲ ਮੰਤਰ ਨਹੀਂ ਹੈ।

## ੨.੭ ਮੰਗਲਾਚਰਣ-ਜਪੁ-ਸਲੋਕ ਤੇ 'ਨਾਨਕ' ਪਦ:

'੧ਓ ...।। ਜਪੁ।। ... ਨਾਨਕ ਹੋਸੀ ਭੀ ਸਚੁ।। ੧।।' ਨੂੰ ਮੂਲ ਮੰਤਰ ਸਿੱਧ ਕਰਨ ਦੀ ਕੋਸ਼ਿਸ਼ ਵਿਚ ਕਈ ਵਾਰ ਇਹ ਦਲੀਲ ਦਿਤੀ ਜਾਂਦੀ ਹੈ ਕਿ ਇਸ ਵਿਚ 'ਨਾਨਕ' ਨਾਮ ਦੀ ਛਾਪ (ਮੁਹਰ) ਹੈ ਪਰ '੧ਓ ... ਗੁਰ ਪ੍ਰਸਾਦਿ' ਵਿਚ 'ਨਾਨਕ' ਨਾਮ ਨਹੀਂ ਆਉਂਦਾ। ਇਹ ਦਲੀਲ ਮੰਨਣ ਯੋਗ ਨਹੀਂ ਹੈ ਕਿਉਂਕਿ ਅਜੇਹਾ ਕੋਈ ਵੀ ਨਿਯਮ ਨਹੀਂ ਹੈ ਕਿ ਕਿਸੇ ਮੰਤਰ ਵਿਚ ਉਸ ਦੇ ਕਰਤੇ ਦੀ ਮੁਹਰ-ਛਾਪ ਜ਼ਰੂਰ ਹੀ ਹੋਵੇ। ਇਥੇ ਜੋ 'ਨਾਨਕ' ਨਾਮ ਆਇਆ ਹੈ ਉਸਦਾ ਸੰਬੰਧ ਕੇਵਲ ਸਲੋਕ 'ਆਦਿ ਸਚੁ ... ਨਾਨਕ ਹੋਸੀ ਭੀ ਸਚੁ' ਨਾਲ ਹੈ ਜੋ ਸੁਤੰਤਰ ਰੂਪ ਵਿਚ ਹੈ। ਇਸ ਸਲੋਕ ਵਿਚ 'ਨਾਨਕ' ਪਦ ਹੋਣ ਕਰਕੇ ਇਸਨੂੰ ਪਹਿਲੇ ਦੋ ਸੁਤੰਤਰ ਮਦਾਂ ਜਾਂ ਵਿਸ਼ਿਆਂ '੧ਓ ... ਗੁਰਪ੍ਰਸਾਦਿ' ਤੇ 'ਜਪੁ' ਨਾਲ ਜੋੜਿਆ ਨਹੀਂ ਜਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜੇਹੇ ਬਹੁਤ ਸ਼ਬਦ ਹਨ, ਜਿਹਨਾਂ ਦੇ ਅੰਤ ਵਿਚ 'ਨਾਨਕ' ਪਦ ਨਹੀਂ ਆਇਆ। ਅਜੇਹੇ ਸ਼ਬਦਾਂ ਨੂੰ ਅੱਗੇ ਆਉਣ ਵਾਲੇ 'ਨਾਨਕ' ਪਦ ਵਾਲੇ ਸ਼ਬਦਾਂ ਨਾਲ ਕਿਸੇ ਵੀ ਤਰ੍ਹਾਂ ਜੋੜਿਆ ਨਹੀਂ ਜਾ ਸਕਦਾ। ਸੋ '੧ਓ ... ਗੁਰ ਪ੍ਰਸਾਦਿ' ਮੂਲ ਮੰਤਰ ਵਿਚ ਕੇਵਲ 'ਨਾਨਕ' ਪਦ ਲਿਆਉਣ ਦੀ ਖਾਤਰ ਇਸ ਨਾਲ ਬਾਣੀ ਦਾ ਨਾਮ 'ਜਪੁ' ਤੇ ਜਪੁ ਦਾ ਪਹਿਲਾ ਸਲੋਕ 'ਆਦਿ ਸਚੁ ...ਨਾਨਕ ਹੋਸੀ ਭੀ ਸਚੁ' ਵਾਧੂ ਜੋੜ ਦੇਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ।

## ੨.੮ ਮੰਗਲਾਚਰਣ—ਜਪੁ-ਸਲੋਕ ਦਾ ਅਭਿਆਸ ?

'੧ਓ ... ॥ਜਪੁ॥ ... ਹੋਸੀ ਭੀ ਸਚੁ॥੧॥' ਨੂੰ ਮੂਲ ਮੰਤਰ ਦੱਸਣ ਵਾਸਤੇ ਕਈ ਵਾਰ ਇਹ ਦਲੀਲ ਦਿਤੀ ਜਾਂਦੀ ਹੈ ਕਿ ਪੁਰਾਤਨ ਗੁਰਸਿੱਖ ਇਸੇ ਦਾ ਹੀ ਅਭਿਆਸ ਕਰਦੇ ਸਨ ਅਤੇ ਮੂਲ ਮੰਤਰ ਦਾ ਇਹੋ ਸਰੂਪ ਅੰਮ੍ਰਿਤ ਛਕਾਉਣ ਸਮੇਂ ਉਪਦੇਸ਼ ਕੀਤਾ ਜਾਂਦਾ ਸੀ। ਮੰਗਲਾਚਰਣ-ਜਪੁ-ਸਲੋਕ ਦਾ ਉਪਦੇਸ਼ ਕੀਤੇ ਜਾਣ ਅਤੇ ਗੁਰਸਿੱਖਾਂ ਵੱਲੋਂ ਇਸਦੇ ਅਭਿਆਸ ਕੀਤੇ ਜਾਣ ਦੀ ਗੱਲ ਮੰਨਣ ਯੋਗ ਨਹੀਂ ਹੈ ਕਿਉਂਕਿ ਸਿੱਖ ਇਤਿਹਾਸ ਇਸਦੀ ਪ੍ਰੋੜ੍ਹਤਾ ਨਹੀਂ ਕਰਦਾ, ਕਿਸੇ ਵੀ ਪੁਰਾਤਨ ਸਿੱਖ ਇਤਿਹਾਸ ਦੀ ਲਿਖਤ ਵਿਚ ਇਹ ਗੱਲ ਨਹੀਂ ਆਉਂਦੀ। '੧ਓ ... ਗੁਰ ਪ੍ਰਸਾਦਿ' ਤਕ ਮੂਲ ਮੰਤਰ ਦਾ ਉਪਦੇਸ਼ ਕੀਤੇ ਜਾਣਾ ਅਤੇ ਗੁਰਸਿੱਖਾਂ ਵਲੋਂ ਇਸ ਦਾ ਅਭਿਆਸ ਕਰਨ ਬਾਰੇ ਲਿਖਤੀ ਵੇਰਵੇ ਤਾਂ ਮਿਲ ਜਾਂਦੇ ਹਨ ਪਰ ਮੰਗਲਾਚਰਣ—ਜਪੁ-ਸਲੋਕ ਬਾਰੇ ਕਿਤੇ ਵੀ ਪੁਰਾਤਨ ਲਿਖਿਆ ਹੋਇਆ ਨਹੀਂ ਮਿਲਦਾ। ਰਹਿਤਨਾਮਾ ਪ੍ਰੇਮ ਸੁਮਾਰਗ ਦੇ 'ਪ੍ਰਿਥਮ ਧਿਆਉ' ਵਿਚ ਅਕਾਲ ਪੁਰਖ ਦਾ ਧਿਆਨ ਧਰਨ ਲਈ ਪਵਿੱਤਰ ਨਾਮ ਪੜ੍ਹਣ ਵਾਸਤੇ ਮੂਲ ਮੰਤਰ ਦਾ ਸਰੂਪ ੧ਓ ਤੋਂ ਗੁਰ ਪ੍ਰਸਾਦਿ ਤਕ ਦਿਤਾ ਗਿਆ ਹੈ। ਭਾਵ ਇਹ ਕਿ ਰਹਿਤਨਾਮਾ ਪ੍ਰੇਮ ਸੁਮਾਰਗ ਵਿਚ ੧ਓ ਤੋਂ ਗੁਰ ਪ੍ਰਸਾਦਿ ਤਕ ਗੁਰਸ਼ਬਦ ਨੂੰ ਪਵਿੱਤਰ ਨਾਮ ਕਿਹਾ ਹੈ, ਜਿਸ ਦਾ ਧਿਆਨ ਧਰਨਾ ਚਾਹੀਦਾ ਹੈ।

ਜੇਕਰ ਮੰਗਲਾਚਰਣ—ਜਪੁ-ਸਲੋਕ ਨੂੰ ਮੂਲ ਮੰਤਰ ਜਾਣ ਕੇ ਇਸ ਦੇ ਉਪਦੇਸ਼ ਤੇ ਸਿਮਰਨ-ਅਭਿਆਸ ਦੀ ਪ੍ਰੰਪਰਾ ਸ਼ੁਰੂ ਤੋਂ ਚਲਦੀ ਹੁੰਦੀ ਤਾਂ ਇਹ ਸਹਜ ਸੁਭਾਇ ਸਰਬ ਸੰਮਤੀ ਨਾਲ ਸਾਰੇ ਸਿੱਖ ਪੰਥ ਵਿਚ ਚਲਦੀ ਹੋਣੀ ਚਾਹੀਦੀ ਸੀ। ਪਰ ਅਜੇਹਾ ਨਹੀਂ ਹੈ। ਸੋ ਸਿੱਖ ਪੰਥ ਵਿਚ '੧ਓ ...॥ਜਪੁ॥ ... ਹੋਸੀ ਭੀ ਸਚੁ॥੧॥' ਦੇ ਉਪਦੇਸ਼ ਅਤੇ ਇਸ ਦੇ ਅਭਿਆਸ ਕਰਨ ਦੀ ਕੋਈ ਪ੍ਰਵਾਣਿਤ ਮਰਯਾਦਾ ਨਹੀਂ ਹੈ।

ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਮੂਲ ਮੰਤਰ ਦੇ ਜੋ ਵੱਖ-ਵੱਖ ਵਿਰੂਪ ਹੋਏ ਸਰੂਪ ਮਿਲਦੇ ਹਨ, ਉਹਨਾਂ ਵਿਚੋਂ ਕਿਸੇ ਨਾਲ ਵੀ 'ਜਪੁ' ਤੇ 'ਆਦਿ ਸਚੁ... ਹੋਸੀ ਭੀ ਸਚੁ' ਜੁੜਿਆ ਹੋਇਆ ਨਹੀਂ ਮਿਲਦਾ। ਇਹਨਾਂ ਪੋਥੀਆਂ ਵਿਚੋਂ ਮਿਲਦੇ ਵੱਖ ਵੱਖ ਰੂਪ ਕੇਵਲ ਪ੍ਰਮਾਣਿਕ ਮੂਲ ਮੰਤਰ ਦੇ ਸਰੂਪ ਨਾਲ ਹੀ ਨੇੜਤਾ ਰੱਖਦੇ ਹਨ।

## ੩. ਮੂਲ ਮੰਤਰ ਕਿਥੋਂ ਤੱਕ ਹੈ ?

ਇਸ ਗੱਲ ਨਾਲ ਤਾਂ ਸਾਰੇ ਸਹਿਮਤ ਹਨ ਕਿ ਮੂਲ ਮੰਤਰ '੧ੴ' ਤੋਂ ਸ਼ੁਰੂ ਹੁੰਦਾ ਹੈ। ਇਸਦਾ ਅੰਤ ਕਿਥੇ ਹੈ– ਕੀ ਇਹ 'ਗੁਰ ਪ੍ਰਸਾਦਿ' ਤਕ ਹੈ ਜਾਂ 'ਨਾਨਕ ਹੋਸੀ ਭੀ ਸਚੁ' ਤਕ ਹੈ? ਇਸ ਦੇ ਅੰਤ ਜਾਨਣ ਦੀ ਲੋੜ ਹੈ। ਇਹੋ ਹੀ ਮੁੱਖ ਸਮੱਸਿਆ ਹੈ ਜੋ ਅਸੀਂ ਮੂਲ ਮੰਤਰ ਬਾਰੇ ਹੱਲ ਕਰਨਾ ਚਾਹੁੰਦੇ ਹਾਂ।

ਕਿਸੇ ਮੰਤਰ ਦਾ ਅੰਤ ਜਾਨਣ ਦੀ ਸਮੱਸਿਆ ਪੁਰਾਤਨ ਭਾਰਤੀ ਦਾਰਸ਼ਨਿਕਾਂ ਤੇ ਰਿਸ਼ੀਆਂ ਸਾਹਮਣੇ ਵੀ ਆਉਂਦੀ ਰਹੀ। ਪ੍ਰਸ਼ਨ ਇਹ ਸੀ : ਇਹ ਕਿਵੇਂ ਜਾਣਿਆ ਜਾਵੇ ਕਿ ਮੰਤਰ ਕਿਥੇ ਸਮਾਪਤ ਹੁੰਦਾ ਹੈ। ਭਾਰਤੀ ਰਿਸ਼ੀਆਂ ਨੇ ਇਸ ਸਮੱਸਿਆ ਨੂੰ ਸੁਲਝਾਉਣ ਲਈ ਇਕ ਤਰੀਕਾ ਜਾਂ ਗੁਰ ਲੱਭਿਆ। ਇਸ ਸੰਬੰਧੀ ਉਹਨਾਂ ਇਕ ਸੂਤਰ ਬਣਾਇਆ ਜੋ 'ਗ੍ਰਿਹਯ ਸੂਤਰ' ਵਿਚ ਲਿਖਿਆ ਮਿਲਦਾ ਹੈ :

*mantrântam avyaktam*

*parasyâdigrahânena vidyât.*

*(Sacred Book of the East, vol. 29, p, 375, Sutra 14)*

ਅਰਥ : ਜੇਕਰ ਇਹ ਸਪੱਸ਼ਟ ਨਹੀਂ ਕਿ ਮੰਤਰ ਕਿਥੇ ਸਮਾਪਤ ਹੁੰਦਾ ਹੈ, ਤਾਂ ਅੱਗੇ ਆਉਣ ਵਾਲੇ ਵਿਸ਼ੇ ਜਾਂ ਮੰਤਰ ਦੀ ਸ਼ੁਰੂਆਤ ਜਾਣ ਕੇ ਨਿਰਣਾ ਕਰਨਾ ਚਾਹੀਦਾ ਹੈ।

ਇਸ ਨਿਯਮ ਨੂੰ ਧਿਆਨ ਵਿਚ ਰੱਖ ਕੇ ਜਦੋਂ ਮੂਲ ਮੰਤਰ ਨੂੰ ਵੇਖੀਏ ਤਾਂ ਇਸ ਦੀ ਸਮਾਪਤੀ '।। ਜਪੁ।।' ਤੋਂ ਪਹਿਲਾਂ ਹੀ ਹੋ ਜਾਣੀ ਚਾਹੀਦੀ ਹੈ। 'ਗੁਰਪ੍ਰਸਾਦਿ' ਇਸ ਦੀ ਅੰਤਮ ਹੱਦ ਬਣ ਜਾਂਦੀ ਹੈ ਕਿਉਂਕਿ ਅਗਲਾ ਆਉਣ ਵਾਲਾ ਨਵਾਂ ਵਿਸ਼ਾ ਜਪੁ ਦਾ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਜਪੁ ਵਿਸ਼ੇ ਦੀ ਸ਼ੁਰੂਆਤ '।। ਜਪੁ।।' ਤੋਂ ਹੁੰਦੀ ਹੈ ਇਸ ਲਈ ਮੂਲ ਮੰਤਰ ਇਸ ਤੋਂ ਪਹਿਲਾਂ ਹੀ ਸਮਾਪਤ ਹੋ ਜਾਂਦਾ ਹੈ। ਮੂਲ ਮੰਤਰ, ਇਸ ਨਿਯਮ ਅਨੁਸਾਰ, ੧ੴ ਤੋਂ ਲੈ ਕੇ ਗੁਰ ਪ੍ਰਸਾਦਿ ਤਕ ਹੀ ਹੈ।

ਉੱਪਰ ਲਿਖੀ ਸਾਰੀ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ ਮੂਲ ਮੰਤਰ ਦਾ ਪ੍ਰਮਾਣਿਕ ਸਰੂਪ ਜੋ ਸਿੱਖ ਇਤਿਹਾਸ ਦੇ ਰਵਾਇਤ ਵਿਚ ਮਿਲਦਾ ਹੈ ਅਤੇ ਜਿਸਨੂੰ ਸਿੱਖ-ਪੰਥ ਸਵੀਕਾਰ ਕਰਦਾ ਹੈ, ਉਹ ਇਹ ਹੈ:-

*੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।*

## ੪. ਸਾਰਾਂਸ਼

ਮੂਲ ਮੰਤਰ ਤੇ ਮੰਗਲਾਚਰਣ—ਜਪੁ-ਸਲੋਕ ਸਬੰਧੀ ਕੀਤੀ ਗਈ ਇਸ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ '੧ੴ ... ਗੁਰ ਪ੍ਰਸਾਦਿ' ਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ ਪਰਮੇਸ਼ਰ ਨਾਲ ਇਕਸੁਰ ਹੋ ਕੇ ਪ੍ਰਾਪਤ ਕੀਤਾ, ਇਸਨੂੰ ਗੁਰਦੀਖਿਆ ਦੇ ਰੂਪ ਵਿਚ ਗੁਰਸਿੱਖਾਂ ਨੂੰ ਦਿੱਤਾ ਤੇ ਪ੍ਰਚਾਰਿਆ। ਮੰਗਲਾਚਰਣ ਦੇ ਰੂਪ ਵਿਚ ਵੀ ਇਹੋ ਅਨੇਕਾਂ ਵਾਰ ਲਿਖਿਆ ਹੋਇਆ ਹੈ, ਗੁਰੂ ਸਾਹਿਬਾਂ ਨੇ ਦਸਖ਼ਤ ਨੀਸਾਣ ਵੀ ਬਹੁਤ ਥਾਈਂ ਇਸੇ ਰੂਪ ਵਿਚ ਕੀਤੇ ਹਨ। ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤਕ ਦੇ ਸਿੱਖ ਇਤਿਹਾਸ ਤੇ ਰਵਾਇਤ ਵਿਚ ਇਸੇ ਨੂੰ ਮੂਲਮੰਤਰ ਕਰਕੇ ਜਾਣਿਆ ਤੇ ਸਤਿਕਾਰਿਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਜਪੁ ਬਾਣੀ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ 'ਜਪੁ ਨੀਸਾਣੁ' ਲਿਖਿਆ ਜਾਣ ਲੱਗ ਪਿਆ। 'ਜਪੁ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਥਮ ਬਾਣੀ ਹੈ ਅਤੇ ਇਸਦੀ ਆਪਣੀ ਇਕ ਨਿਵੇਕਲੀ ਮਹਾਨਤਾ ਤੇ ਪ੍ਰਧਾਨਤਾ ਹੈ। ਇਸ ਬਾਣੀ ਨੂੰ ਗੁਰੂ ਦਾ ਨੀਸਾਣ ਜਾਣਕੇ, ਇਸ ਦੀ ਮਹੱਤਤਾ ਨੂੰ ਪ੍ਰਗਟਾਉਣ ਲਈ, ਇਸ ਦੇ ਸ਼ੁਰੂ ਭਾਗ, 'ਮੰਗਲਾਚਰਣ—ਜਪੁ-ਸਲੋਕ' ਵਾਲੇ ਹਿੱਸੇ ਨੂੰ ਸਤਿਕਾਰ ਵਜੋਂ ਮਹੱਤਵਪੂਰਨ ਸਥਾਨਾਂ 'ਤੇ ਲਿਖੇ ਜਾਣ ਦੀ ਪ੍ਰਥਾ ਚਲ ਪਈ। ਮੰਗਲਾਚਰਣ—ਜਪੁ-ਸਲੋਕ ਨੂੰ ਭਾਈ ਗੁਰਦਾਸ ਜੀ ਦੀ ਵਾਰ ੩੯ ਦੀ ਪਹਿਲੀ ਪਉੜੀ ਨਾਲ ਜੋੜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਇਸ ਦਾ ਉਸ ਨਾਲ ਸੰਬੰਧ ਪੂਰੀ ਤਰ੍ਹਾਂ ਸਥਾਪਤ ਨਹੀਂ ਹੁੰਦਾ ਕਿਉਂਕਿ ਭਾਈ ਗੁਰਦਾਸ ਜੀ ਦਾ ਇਸ ਪਉੜੀ ਵਿਚ ਮੰਗਲਾਚਰਣ—ਜਪੁ-ਸਲੋਕ ਦੀ ਵਿਆਖਿਆ ਕਰਨਾ ਵਿਸ਼ਾ ਨਹੀਂ ਹੈ। ਇਸ ਦੇ ਮੂਲ ਮੰਤਰ ਹੋਣ ਦੀ ਜਾਂ ਗੁਰਦੀਖਿਆ ਵਜੋਂ ਦਿਤੇ ਜਾਣ ਦੀ ਪ੍ਰੋੜ੍ਹਤਾ ਸਾਨੂੰ ਪੁਰਾਤਨ ਸਿੱਖ ਇਤਿਹਾਸ ਤੇ ਰਵਾਇਤ ਵਿਚੋਂ ਕਿਤੇ ਵੀ ਨਹੀਂ ਮਿਲਦੀ।

ਸਿੱਖ ਧਰਮ ਦਾ ਮੂਲਮੰਤਰ ਜੋ ਗੁਰਦੀਖਿਆ ਸਮੇਂ ਬਖਸ਼ਿਸ਼ ਕੀਤਾ ਜਾਂਦਾ ਹੈ ਉਸਦਾ ਪ੍ਰਮਾਣਿਕ ਸਰੂਪ ਇਹ ਹੈ :

*੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।।*

***

"ਅਕਾਲ ਤਖ਼ਤ ਦੀ ਇਹ ਲਲਕਾਰ ।
ਸਾਬਤ ਸੂਰਤ ਸਿਰ ਦਸਤਾਰ।"

"ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ,
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ"

ਰਹਿਣੀ ਰਹੈ ਸੋਈ ਸਿੱਖ ਮੇਰਾ ।
ਵਹ ਠਾਕੁਰ ਮੈਂ ਉਸ ਕਾ ਚੇਰਾ ॥

"ਪੂਜਾ ਅਕਾਲ ਕੀ,
ਪਰਚਾ ਸ਼ਬਦ ਕਾ,
ਦੀਦਾਰ ਖਾਲਸੇ ਕਾ"

"ਕਿਰਤ ਕਰੋ,
ਨਾਮ ਜਪੋ,
ਵੰਡ ਛਕੋ"

"ਅੰਮ੍ਰਿਤ ਛਕੋ,
ਸਿੰਘ ਸਜੋ,
ਨਸ਼ੇ ਛੱਡੋ"

"ਗੁਰਮੁਖੀ ਪੜ੍ਹੋ,
ਗੁਰਮੁਖੀ ਲਿਖੋ,
ਗੁਰਮੁਖੀ ਬੋਲੋ"

ਗੋਲਡਨ ਆਫਸੈਟ ਪ੍ਰੈਸ, ਸਤੰਬਰ ੨੦੦੦ ੨੦,੦੦੦